ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 12 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੨੮ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਵੱਲੋਂ ਇੰਗਲੈਂਡ ਦੇ ਸਿੱਖਾਂ ਨੂੰ ਜਵਾਬ

# ਨਿਸ਼ਾਨ ਸਾਹਿਬ ਦੇ ਕੇਸਰੀ ਰੰਗ ਨੂੰ ਬਦਲਣ ਦੇ ਮੈਂ ਨਹੀਂ ਦਿੱਤੇ ਆਦੇਸ਼

**ਇੰਗਲੈਂਡ (ਯੂ. ਕੇ.), 11 ਅਗਸਤ (ਆਵਾਜ਼ਿ ਕੌਮ ਬਿਊਰੋ)**-10 ਅਗਸਤ ਦਿਨ ਸ਼ਨੀਵਾਰ 2024 ਇੰਗਲੈਂਡ ਦੀ ਧਰਤੀ ਦੇ ਉੱਪਰ ਮਾਨਚੈਸਟਰ ਸ਼ਹਿਰ ਵਿਖੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਹੋਣਾਂ ਦੇ ਨਾਲ ਇੰਗਲੈਂਡ ਦੇ ਵਿੱਚੋਂ ਪੰਜ ਪਿਆਰੇ ਸਾਹਿਬਾਨ ਜਥੇਦਾਰ ਬਲਦੇਵ ਸਿੰਘ ਜੀ ਅਗਵਾਈ ਦੇ ਵਿੱਚ ਅੰਮ੍ਰਿਤ ਸੰਚਾਰ ਜਥਾ ਯੂਕੇ ਅਤੇ ਯੂਰਪ ਅਤੇ ਉਹਨਾਂ ਦੇ ਨਾਲ ਗਿਆਨੀ ਚਰਨ ਸਿੰਘ ਜੀ ਧਰਮ ਯੁੱਧ ਜਥਾ ਦਮਦਮੀ ਟਕਸਾਲ ਅਤੇ ਗਿਆਨੀ ਬਘੇਲ ਸਿੰਘ ਦਮਦਮੀ ਟਕਸਾਲ ਅਤੇ ਇੰਟਰਨੈਸ਼ਨਲ ਪੰਥਕ ਦਲ ਸਾਂਝੇ ਰੂਪ ਦੇ ਵਿੱਚ ਜਥੇਦਾਰ ਸਾਹਿਬਾਨ ਨੂੰ ਮਿਲੇ ਤੇ ਜਥੇਦਾਰ ਸਾਹਿਬਾਨ ਦੇ ਨਾਲ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਬਦਲਣ ਦੇ ਸਬੰਧ ਦੇ ਵਿੱਚ ਅਹਿਮ ਗੱਲਾਂ ਬਾਤਾਂ ਹੋਈਆਂ ਜਿੱਥੇ ਗਿਆਨੀ ਰਘਬੀਰ ਸਿੰਘ ਜੀ ਹੁਣਾਂ ਨੇ ਗੱਲਾਂ ਬਾਤਾਂ ਸੁਣਨ ਤੋਂ ਬਾਅਦ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਹਨਾਂ ਵੱਲੋਂ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਜਾਂ ਨਿਸ਼ਾਨ ਸਾਹਿਬ ਨੂੰ ਬਦਲਣ ਦੇ ਕੋਈ ਵੀ ਆਦੇਸ਼ ਸ਼੍ਰੋਮਣੀ ਕਮੇਟੀ ਨੂੰ ਜਾਂ ਸਿੱਖ ਪੰਥ ਨੂੰ ਨਹੀਂ ਕੀਤੇ ਗਏ ਹਨ। ਉਹਨਾਂ ਨੇ ਕਿਹਾ ਕਿ ਮੈਂ ਕੇਵਲ ਸ਼੍ਰੋਮਣੀ ਕਮੇਟੀ ਨੂੰ ਇਹ ਤਾਗੀਦ ਕੀਤੀ ਸੀ ਕਿ ਬਹੁਤ ਸਾਰੀਆਂ ਈਮੇਲ ਚਿੱਠੀਆਂ ਸੰਗਤਾਂ ਵੱਲੋਂ ਸਾਨੂੰ ਪਹੁੰਚੀਆਂ ਨੇ ਜਿਨਾਂ ਦੇ ਵਿੱਚ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਦੇ ਸੰਬੰਧ ਵਿੱਚ ਸੰਗਤਾਂ ਜਾਣਕਾਰੀ ਲੈਣਾ ਚਾਹੁੰਦੀਆਂ ਹਨ ਅਤੇ ਸ਼੍ਰੋਮਣੀ ਕਮੇਟੀ ਇਸ ਮੁੱਦੇ ਤੇ ਵਿਚਾਰ ਕਰਕੇ ਸੰਗਤਾਂ ਨੂੰ ਦੱਸੇ ਕਿ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਕਿਹੜਾ ਹੋਣਾ ਚਾਹੀਦਾ ਹੈ ਸੋ ਇੱਥੇ ਨਾਲ ਹੀ ਜਦੋਂ ਜਥੇਦਾਰ ਸਾਹਿਬ ਜੀ ਨੂੰ ਇਹ ਸਵਾਲ ਕੀਤਾ ਗਿਆ ਕਿ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਨਿਸ਼ਾਨ ਸਾਹਿਬ ਬਦਲ ਕਰਕੇ ਬਸੰਤੀ ਰੰਗ ਦੇ ਚੜਾਏ ਗਏ ਹਨ ਤੇ ਬੜੇ ਤਿੱਖੇ ਲਹਿਜੇ ਵਿੱਚ ਉਹਨਾਂ ਨੇ ਕਿਹਾ ਕਿ ਮੈਂ ਬਦਲ ਕੇ ਆਇਆ ਹਾਂ ਮੈਂ ਪਰਸੋਂ ਰੋਜ਼ ਤੋਂ ਇੰਗਲੈਂਡ ਦੀ ਧਰਤੀ ਤੇ ਆਇਆ ਹੋਇਆ ਹਾਂ ਤੇ ਨਿਸ਼ਾਨ ਸਾਹਿਬ ਦੇ ਚੋਲੇ ਕੱਲ ਬਦਲੇ ਗਏ ਹਨ ਜੋ ਮੇਰੀ ਜਾਣਕਾਰੀ ਤੋਂ ਬਾਹਰੇ ਹਨ। ਸੋ ਜਥੇਦਾਰ ਸਾਹਿਬਾਨ ਦੇ ਨਾਲ ਹੋਰ ਵੀ ਧਾਰਮਿਕ ਮੁੱਦਿਆਂ ਦੇ ਉੱਪਰ ਅਤੇ ਕੌਮ ਦੇ ਵਿੱਚ ਲਟਕ ਰਹੇ ਮਸਲਿਆਂ ਦੇ ਉੱਪਰ ਜਦੋਂ ਗੱਲਬਾਤ ਕੀਤੀ ਗਈ ਖਾਸ ਤੌਰ ਤੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਜਿਨ੍ਹਾਂ ਦੇ ਮਸਲੇ ਦੇ ਸੰਬੰਧ ਵਿੱਚ ਜਥੇਦਾਰ ਸਾਹਿਬਾਨ ਨੂੰ ਚਿੱਠੀਆਂ ਈਮੇਲਸ ਅਤੇ ਵਫ਼ਦ ਦੇ ਰੂਪ ਦੇ ਵਿੱਚ ਸਿੰਘ ਸਾਹਿਬਾਨ ਜਾ ਕਰਕੇ ਵੀ ਮਿਲ ਕੇ ਆਏ ਹਨ ਉਹਨਾਂ ਮੁੱਦਿਆਂ ਦੇ ਉੱਪਰ ਸਿੰਘ ਸਾਹਿਬਾਨ ਨੇ ਬਿਲਕੁਲ ਚੁੱਪੀ ਵੱਟੀ ਰੱਖੀ ਕੋਈ ਗੱਲ ਸਾਂਝੀ ਨਹੀਂ ਕੀਤੀ ਤੇ ਏਨਾ ਜਰੂਰ ਕਿਹਾ ਕਿ ਜੇਕਰ ਸੰਪਰਦਾਵਾਂ ਨੂੰ ਜਥੇਬੰਦੀਆਂ ਨੂੰ ਜਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਨੂੰ ਬਦਲਣ ਦੇ ਸਬੰਧ ਵਿੱਚ ਕੋਈ ਇਤਰਾਜ਼ ਹੈ ਤੇ ਉਹ ਲਿਖਤੀ ਰੂਪ ਦੇ ਵਿੱਚ ਜਾਂ ਈਮੇਲ ਦੇ ਰੂਪ ਦੇ ਵਿੱਚ ਸ਼੍ਰੋਮਣੀ ਕਮੇਟੀ ਦੇ ਅਕਾਲ ਤਖਤ ਸਾਹਿਬ ਨੂੰ ਆਪਣਾ ਇਤਰਾਜ ਭੇਜ ਦੇਣ ਤੇ ਨਾਲ ਹੀ ਇਤਿਹਾਸਿਕ ਹਵਾਲਿਆਂ ਦੇ ਦੁਆਰਾ ਉਹ ਇਸ ਗੱਲ ਨੂੰ ਸਾਂਝਾ ਕਰ ਸਕਦੇ ਹਨ ਕਿ ਕੇਸਰੀ ਨਿਸ਼ਾਨ ਦੀ ਕੀ ਮਹੱਤਤਾ ਹੈ ਤੇ ਇਸ ਨੂੰ ਕਿਉਂ ਨਹੀਂ ਬਦਲਿਆ ਜਾਣਾ ਚਾਹੀਦਾ ਤੇ ਉਹਨਾਂ ਦੇ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹਦੇ ਉੱਪਰ ਇਸ ਮਸਲੇ ਤੇ ਸਿੰਘ ਸਾਹਿਬਾਨ ਆਪਣਾ ਪ੍ਰਤੀਕਰਮ ਦੇਣਗੇ ਪਰ ਮੌਜੂਦਾ ਹਾਲਾਤ ਵਿੱਚ ਉਹਨਾਂ ਨੇ ਇਨਾ ਹੀ ਕਿਹਾ ਹੈ ਕਿ ਅਸੀਂ ਨਿਸ਼ਾਨ ਸਾਹਿਬ ਦੇ ਚੋਲੇ ਨੂੰ ਬਦਲਣ ਦੇ ਜਾਂ ਰੰਗ ਨੂੰ ਬਦਲਣ ਦੇ ਆਦੇਸ਼ ਕਿਤੇ ਵੀ ਨਹੀਂ ਕੀਤੇ ਹਨ ਤੇ ਆਪਣੇ ਵੱਲੋਂ ਦਿੱਤਾ ਹੋਇਆ ਬਿਆਨ ਵੀ ਉਹਨਾਂ ਨੇ ਮੋਬਾਈਲ ਫੋਨ ਦੇ ਦੁਆਰਾ ਕੱਢ ਕੇ ਜਿਹੜਾ ਉਸ ਵਕਤ ਬੈਠੇ ਹੋਏ ਮੈਂਬਰ ਸਾਹਿਬਾਨਾਂ ਦੇ ਸਾਹਮਣੇ ਸਾਂਝਾ ਕੀਤਾ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ••






## ਪਾਰਟੀ ਚੋਣ ਨਿਸ਼ਾਨ 'ਤੇ ਨਹੀਂ ਹੋਣਗੀਆਂ ਪੰਚਾਇਤੀ ਚੋਣਾਂ, ਪੰਚਾਇਤੀ ਰਾਜ ਕਾਨੂੰਨ 'ਚ ਸੋਧ ਕਰਨ ਦੀ ਤਿਆਰੀ 'ਚ ਸਰਕਾਰ

**ਚੰਡੀਗੜ੍ਹ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ ਹੋਣ ਵਾਲੀਆਂ ਪੰਚਾਇਤੀ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਨਾ ਕਰਵਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਦੇ ਲਈ ਪੰਜਾਬ ਪੰਚਾਇਤੀ ਰਾਜ ਨਿਯਮ 1994 ਵਿੱਚ ਸੋਧ ਕਰਨ ਦੀ ਤਿਆਰੀ ਕਰ ਲਈ ਗਈ ਹੈ। ਅਗਲੀ ਕੈਬਨਿਟ ਮੀਟਿੰਗ ਵਿੱਚ ਇਸ ਸਬੰਧੀ ਏਜੰਡਾ ਵੀ ਲਿਆਂਦਾ ਜਾ ਸਕਦਾ ਹੈ। ਇਸ ਪਿੱਛੇ ਕੋਸ਼ਿਸ਼ ਇਹ ਹੈ ਕਿ ਪਿੰਡਾਂ ਵਿੱਚ ਮਾਹੌਲ ਖੁਸ਼ਿਮਜਾਜ਼ ਬਣਿਆ ਰਹੇ। ਨਾਲ ਹੀ ਪਿੰਡਾਂ ਦੇ ਵਿਕਾਸ ਲਈ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਪੰਚਾਇਤੀ ਚੋਣਾਂ ਸਬੰਧੀ ਕੁਝ ਦਿਨ ਪਹਿਲਾਂ ਉੱਚ ਪੱਧਰੀ ਮੀਟਿੰਗ ਹੋਈ ਸੀ। ਇਸ ਦੌਰਾਨ ਇਹ ਮੁੱਦਾ ਉਠਾਇਆ ਗਿਆ ਸੀ। ਇਸ ਸਬੰਧੀ ਕਾਨੂੰਨੀ ਮਾਹਿਰਾਂ ਤੋਂ ਵੀ ਰਾਏ ਲਈ ਗਈ ਹੈ। ਇਸ ਤੋਂ ਬਾਅਦ ਇਸ ਦਿਸ਼ਾ 'ਚ ਕਦਮ ਚੁੱਕੇ ਗਏ ਹਨ। ਸੂਤਰਾਂ ਦੀ ਮੰਨੀਏ ਤਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣਾਂ ਹੋਣ 'ਤੇ ਲੋਕ ਪਿੰਡਾਂ 'ਚ ਵੰਡੇ ਜਾਂਦੇ ਹਨ। ਸਿਆਸੀ ਦਖਲਅੰਦਾਜ਼ੀ ਵੱਧ ਜਾਂਦੀ ਹੈ। ਇਸ ਕਾਰਨ ਪਿੰਡਾਂ ਦਾ ਸਹੀ ਵਿਕਾਸ ਨਹੀਂ ਹੁੰਦਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਬਹੁਤ ਲੜਾਈਆਂ ਹੁੰਦੀਆਂ ਹਨ। ਜੇਕਰ ਇਹ ਸੋਧ ਹੋ ਜਾਂਦੀ ਹੈ ਤਾਂ ਇਹ ਵੱਡੀ ਰਾਹਤ ਦੀ ਗੱਲ ਹੋਵੇਗੀ। ਫਰਵਰੀ ਵਿੱਚ ਪੰਚਾਇਤ ਵਿਭਾਗ ਨੇ ਉਨ੍ਹਾਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਸੀ ਜਿਨ੍ਹਾਂ ਦਾ ਕਾਰਜਕਾਲ ਪੰਜ ਸਾਲ ਪੂਰਾ ਹੋ ਚੁੱਕਾ ਸੀ। ਕਾਂਗਰਸ ਸਰਕਾਰ ਵੇਲੇ 2018 ਵਿੱਚ ਪੰਚਾਇਤੀ ਚੋਣਾਂ ਹੋਈਆਂ ਸਨ। ਉਸ ਸਮੇਂ 13276 ਸਰਪੰਚ ਅਤੇ 83831 ਪੰਚ ਚੁਣੇ ਗਏ ਸਨ। ਇਸ ਤੋਂ ਬਾਅਦ ਅਧਿਕਾਰੀਆਂ ਨੂੰ ਪੰਚਾਇਤਾਂ ਦੇ ਕਾਰਜਕਾਰੀ ਅਧਿਕਾਰੀ ਨਿਯੁਕਤ ਕੀਤਾ ਗਿਆ।

## ਬਰਾਤੀਆਂ 'ਤੇ ਕਹਿਰ ਬਣ ਵਰ੍ਹਿਆ ਮੀਂਹ


# ਹੜ੍ਹ 'ਚ 12 ਰੁੜ੍ਹੇ, 9 ਦੀ ਮੌਤ: 2 ਲਾਪਤਾ

**ਗੜ੍ਹਸ਼ੰਕਰ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ-ਹਿਮਾਚਲ ਵਿੱਚ ਭਾਰੀ ਮੀਂਹ ਦਾ ਕਹਿਰ ਵੇਖਣ ਨੂੰ ਮਿਲ ਰਿਹਾ ਹੈ। ਇਸ ਦੌਰਾਨ ਜਿੱਥੇ ਲੋਕਾਂ ਨੂੰ ਅੱਤ ਦੀ ਗਰਮੀ ਤੋਂ ਰਾਹਤ ਮਿਲੀ ਹੈ, ਉੱਥੇ ਹੀ ਕਈ ਲੋਕਾਂ ਦਾ ਜਾਨ ਮਾਲ ਦਾ ਨੁਕਸਾਨ ਵੀ ਹੋਇਆ ਹੈ। ਇਸ ਵਿਚਾਲੇ ਇੱਕ ਬੁਰੀ ਖਬਰ ਸਾਹਮਣੇ ਆ ਰਹੀ ਹੈ। ਦਰਅਸਲ, ਪੰਜਾਬ-ਹਿਮਾਚਲ ਦੇ ਸਰਹੱਦੀ ਖੇਤਰ ਜੇਜੋ ਦੁਆਬਾ ਵਿੱਚ ਅੱਜ ਭਾਰੀ ਮੀਂਹ ਪੈਣ ਕਾਰਨ ਇੱਕ ਇਨੋਵਾ ਕਾਰ ਚੋਅ ਖੱਡ ਵਿੱਚ ਰੁੜ੍ਹ ਗਈ। ਇਸ ਕਾਰਨ ਇਸ ਵਿੱਚ ਸਵਾਰ 9 ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ 2 ਲੋਕ ਲਾਪਤਾ ਹਨ। ਪੁਲਿਸ ਨੇ ਇੱਕ ਵਿਅਕਤੀ ਨੂੰ ਬਚਾਇਆ ਹੈ। ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ। ਪੁਲਿਸ ਨੇ 9 ਲਾਸ਼ਾਂ ਬਰਾਮਦ ਕੀਤੀਆਂ ਹਨ। ਇਹ ਲੋਕ ਹਿਮਾਚਲ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਹਿਮਾਚਲ ਦੇ ਊਨਾ ਜ਼ਿਲ੍ਹੇ ਦੇ ਦੇਹਲਾ ਤੋਂ ਇਹ ਲੋਕ ਇੱਕ ਕਾਰ ਵਿੱਚ ਪੰਜਾਬ ਦੇ ਨਵਾਂਸ਼ਹਿਰ ਆ ਰਹੇ ਸਨ। ਇਸ ਦੌਰਾਨ ਖੱਡ ਪਾਰ ਕਰਦੇ ਸਮੇਂ ਇਹ ਹਾਦਸਾ ਵਾਪਰਿਆ। ਹੁਸ਼ਿਆਰਪੁਰ ਦੇ ਐਸਐਸਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਅੱਜ ਸਵੇਰ ਤੋਂ ਹੀ ਭਾਰੀ ਮੀਂਹ ਪੈ ਰਿਹਾ ਹੈ। ਇਸ ਕਾਰਨ ਚੋਅ ਵਿੱਚ ਹੜ੍ਹ ਆ ਗਿਆ। ਇਨੋਵਾ ਕਾਰ ਇਸ ਹੜ੍ਹ ਵਿੱਚ ਰੁੜ੍ਹ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਮੌਜੂਦ ਲੋਕ ਮੌਕੇ 'ਤੇ ਪਹੁੰਚ ਗਏ। ਲੋਕਾਂ ਨੇ ਜੇਸੀਬੀ ਮੰਗਵਾ ਕੇ ਲੋਕਾਂ ਨੂੰ ਬਚਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਲੋਕਾਂ ਨੇ ਕਾਰ ਵਿੱਚ ਫਸੇ ਇੱਕ ਵਿਅਕਤੀ ਨੂੰ ਬਚਾਇਆ। ਇਸ ਤੋਂ ਇਲਾਵਾ ਕਾਰ ਦੇ ਦਰਵਾਜ਼ੇ ਖੋਲ੍ਹ ਕੇ ਬਾਕੀ ਸਾਰੇ ਲੋਕ ਹੜ੍ਹ ਵਿੱਚ ਵਹਿ ਗਏ। ਇਸ ਤੋਂ ਬਾਅਦ ਲੋਕਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ NDRF ਟੀਮ ਨੂੰ ਬੁਲਾਇਆ। ਟੀਮ ਦੇ ਆਉਣ ਤੋਂ ਬਾਅਦ ਲਾਪਤਾ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਇਸ ਖੋਜ ਵਿੱਚ ਹੁਣ ਤੱਕ 9 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਬਾਕੀ ਲਾਪਤਾ ਲੋਕਾਂ ਦੀ ਭਾਲ ਲਈ ਖੱਡ 'ਚ ਤਲਾਸ਼ੀ ਮੁਹਿੰਮ ਜਾਰੀ ਹੈ। ਐਸਐਸਪੀ ਨੇ ਦੱਸਿਆ ਕਿ ਇਹ ਲੋਕ ਹਿਮਾਚਲ ਤੋਂ ਪੰਜਾਬ ਦੇ ਨਵਾਂਸ਼ਹਿਰ ਵਿੱਚ ਬਰਾਤ ਲਈ ਆ ਰਹੇ ਸਨ। ਸਾਰੇ ਲੋਕ ਇੱਕੋ ਪਰਿਵਾਰ ਨਾਲ ਸਬੰਧਤ ਹਨ। ਇਹ ਲੋਕ ਸੜਕ ਤੋਂ ਲੰਘ ਰਹੇ ਸਨ ਜਦੋਂ ਨਾਲੇ ਦਾ ਪਾਣੀ ਸੜਕ ਉੱਤੇ ਵਹਿ ਰਿਹਾ ਸੀ। ਉਨ੍ਹਾਂ ਸੋਚਿਆ ਕਿ ਉਹ ਕਾਰ ਵਿਚ ਸੜਕ ਨੂੰ ਪਾਰ ਕਰ ਲੈਣਗੇ। ਹਾਲਾਂਕਿ, ਭਾਰੀ ਮੀਂਹ ਸੀ ਅਤੇ ਪਾਣੀ ਦਾ ਵਹਾਅ ਤੇਜ਼ ਸੀ, ਜਿਸ ਕਾਰਨ ਉਨ੍ਹਾਂ ਦੀ ਕਾਰ ਸੜਕ ਤੋਂ ਦੂਰ ਖੱਡ ਵਿੱਚ ਰੁੜ੍ਹ ਗਈ। ਗੱਡੀ 'ਚ ਸਵਾਰ ਵਿਅਕਤੀਆਂ ਦੀ ਪਛਾਣ ਦੀਪਕ ਪੁੱਤਰ ਸੁਰਜੀਤ ਭਾਟੀਆ, ਸੁਰਜੀਤ ਪੁੱਤਰ ਗੁਰਦਾਸ ਰਾਮ, ਪਰਮਜੀਤ ਕੌਰ, ਸਰੂਪ ਚੰਦ, ਬਿੰਦਰ, ਸ਼ਿੰਨੋ, ਭਾਵਨਾ (18), ਅੰਜੂ (20), ਹਰਮੀਤ (12) ਸਾਰੇ ਨਿਵਾਸੀ ਦੇਹਲਾ ਹਿਮਾਚਲ ਵਜੋਂ ਹੋਈ ਹੈ।



## ਤੇਜ਼ ਬਰਸਾਤ ਕਾਰਨ ਰਾਵੀ ਦਰਿਆ ਤੇ ਉੱਜ ਦਰਿਆ 'ਚ ਪਾਣੀ ਦਾ ਵਧਿਆ ਪੱਧਰ, ਅੱਧੀ ਦਰਜਨ ਪਿੰਡਾਂ ਦਾ ਟੁੱਟਿਆ ਲਿੰਕ

**ਅੰਮ੍ਰਿਤਸਰ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਜਿੱਥੇ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਗਰਮੀ ਦਾ ਕਹਿਰ ਵੇਖਣ ਨੂੰ ਮਿਲ ਰਿਹਾ ਹੈ ਉੱਥੇ ਹੀ ਮੌਸਮ ਵਿਭਾਗ ਵੱਲੋਂ ਵੀ ਆਉਣ ਵਾਲੇ ਦਿਨਾਂ ਵਿੱਚ ਬਾਰਿਸ਼ ਦਾ ਅਲਰਟ ਕੀਤਾ ਹੋਇਆ ਹੈ ਪਰ ਅੱਧੀ ਰਾਤ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਜਿੱਥੇ ਹਰ ਪਾਸੇ ਜਲਥਲ ਵੇਖਣ ਨੂੰ ਮਿਲ ਰਿਹਾ ਹੈ ਉੱਥੇ ਹੀ ਰਾਵੀ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਕਾਫੀ ਉੱਚਾ ਦਿਖਾਈ ਦੇ ਰਿਹਾ ਹੈ। ਜਿਸ ਕਾਰਨ ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਸੇ ਅੱਧੀ ਦਰਜਨ ਪਿੰਡਾਂ ਦਾ ਬਿਲਕੁਲ ਲਿੰਕ ਟੁੱਟ ਗਿਆ ਹੈ ਅਤੇ ਜੋ ਲੋਕਾਂ ਦੀ ਆਉਣ ਜਾਣ ਦੀ ਇੱਕ ਕਿਸ਼ਤੀ ਦਾ ਸਹਾਰਾ ਸੀ ਉਹ ਕਿਸ਼ਤੀ ਵੀ ਬੰਦ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਪਹਾੜੀ ਇਲਾਕਿਆਂ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਦਾ ਪਾਣੀ ਵੀ ਕੁਝ ਪੱਧਰ 'ਤੇ ਵਧਣ ਕਾਰਨ ਉੱਜ ਦਰਿਆ ਵਿੱਚ ਪਾਣੀ ਛੱਡਿਆ ਗਿਆ ਹੈ। ਕਿਉਂਕਿ ਜਦ ਵੀ ਉੱਜ ਦਰਿਆ ਵਿੱਚ ਪਾਣੀ ਛੱਡਿਆ ਜਾਂਦਾ ਹੈ ਤਾਂ ਉਹ ਪਾਣੀ ਆ ਕੇ ਮੁੜ ਕੇ ਮਕੌੜਾ ਪੱਤਣ ਤੇ ਰਾਵੀ ਦਰਿਆ ਵਿੱਚ ਮਿਲ ਜਾਂਦਾ ਹੈ। ਜਿਸ ਕਾਰਨ ਰਾਵੀ ਦਰਿਆ ਦਾ ਪੱਧਰ ਕਾਫੀ ਜ਼ਿਆਦਾ ਉੱਚਾ ਦਿਖਾਈ ਦੇ ਰਿਹਾ ਹੈ। ਇਹ ਪਾਣੀ ਵਧਣ ਕਾਰਨ ਪਾਰਲੇ ਪਾਸੇ ਵੱਸੇ ਪਿੰਡਾਂ ਦੇ ਲੋਕਾਂ ਲਈ ਆਉਣ ਜਾਣ ਲਈ ਕਿਸ਼ਤੀ ਦਾ ਸਹਾਰਾ ਸੀ ਉਹ ਵੀ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਜੋ ਦਰਿਆ ਦੇ ਨੇੜਲੇ ਇਲਾਕੇ ਅੰਦਰ ਕੁਝ ਗੁੱਜਰਾਂ ਦੇ ਡੇਰੇ ਹਨ ਉਹਨਾਂ ਵਿੱਚ ਵੀ ਪਾਣੀ ਵੇਖਣ ਨੂੰ ਮਿਲ ਰਿਹਾ ਹੈ। ਇਸੇ ਤਰ੍ਹਾਂ ਹੀ ਸਰਹੱਦੀ ਖੇਤਰ ਬਮਿਆਲ ਸੈਕਟਰ ਵਿੱਚ ਵਗਦੇ ਉੱਜ ਦਰਿਆ ਅਤੇ ਜਲਾਲਿਆ ਦਰਿਆ 'ਚ ਪਾਣੀ ਦਾ ਪੱਧਰ ਵਧਿਆ ਹੈ।




Nankana Sahib Yatra Committe Uk
pakistan gurdwara yatra
6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net




ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for **AWAZE QAUM** Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

# Khehra VAISHNO DHABA

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |

ਲ਼

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ–ਧੰਨ
ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating
Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant
APPROVED INSTALLER
WORCESTER
Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ
ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ
ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ
ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ
ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ
ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ
ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ
ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ
ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV


ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵਿੰਗ ਵੱਲੋਂ

ਵਿਸ਼ੇਸ਼ ਉਪਰਾਲਾ

ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ

ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜੀਫ਼ੇ

ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ ।

ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।



- ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
- ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
- ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
- ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
- ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC

ਸਕੱਤਰ ਧਰਮ ਪ੍ਰਚਾਰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC

# ਅਕਾਲੀ ਬਨਣ ਨਾਲੋਂ ਚੰਗਾ ਹੁੰਦਾ ਮੈਂ ਢਾਡੀ ਬਣ ਜਾਂਦਾ : ਪੰਜੋਲੀ

## ਯਾਦਾਂ ਦੇ ਝਰੋਖੇ ਵਿੱਚੋਂ

1975 ਵਿੱਚ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਸੀ ਲੱਗਾ ਦਿੱਤੀ ਸੀ ਕਲਕੱਤੇ ਦੀਆਂ ਸਿੱਖ ਸੰਗਤਾਂ ਵੱਲੋ ਸ੍ਰੀ ਗੁਰੂ ਤੇਗਬਹਾਦਰ ਪਾਤਸ਼ਾਹ ਜੀ ਦੇ 300 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿੱਤ ਇੱਕ ਵੱਡਾ ਸਮਾਗਮ ਰੱਖਿਆ ਗਿਆ ਸੀ ।ਇਸ ਸਮਾਗਮ ਵਿੱਚ ਮੈ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸਰੋਮਣੀ ਗੁਰਦੂਆਰਾ ਪ੍ਰਬੰਧਕ ਕਮੇਟੀ ਦਾ ਇੱਕ ਸੰਦੇਸ਼ ਲੈ ਕੇ ਕਲਕੱਤੇ ਗਿਆ ਸੀ ਕਿਉਕਿ ਕਿ ਟੌਹੜਾ ਸਾਹਿਬ ਸਰੋਮਣੀ ਅਕਾਲੀ ਦੱਲ ਵੱਲੇ ਐਮਰਜੈਸ਼ੀ ਵਿਰੂਧ ਮੋਰਚਾ ਲਾਊਣ ਕਾਰਨ ਫਿਰੋਜਪੁਰ ਜੇਲ ਵਿੱਚ ਮੀਸਾ ਅਧੀਨ ਨਜ਼ਰਬੰਦ ਸਨ । ਪੰਜਾਬ ਤੋਂ ਬਾਹਰ ਸਮੁੰਦਰ ਦੇ ਕੰਢੇ ਕਲਕੱਤੇ ਦੇ ਇੱਕ ਪਰਕ ਵਿੱਚ ਮੈਂ ਪਹਿਲੀ ਵਾਰ ਸਿੱਖ ਸੰਗਤਾਂ ਦਾ ਇੱਕ ਵੱਡਾ ਇਕੱਠ ਵੇਖਿਆ ਸੀ ।ਇਸ ਇਕੱਠ ਵਿੱਚ ਮੈਨੂੰ ਟੌਹੜਾ ਸਾਹਿਬ ਦਾ ਸੰਦੇਸ਼ ਪੜਨ ਦਾ ਮੌਕਾ ਮਿਲਿਆ ।ਪੰਥ ਦੇ ਮਹਾਨ ਢਾਡੀ ਭਾਈ ਰਾਮ ਸਿੰਘ ਝਾਬੇਵਾਲੀਆ ਦੇ ਦਰਸ਼ਨ ਵੀ ਮੈਂ ਪਹਿਲੀ ਵਾਰ ਇਸੇ ਸਟੇਜ ਉੂੱਤੇ ਕੀਤੇ ਸਨ ।ਸਮਾਗਮ ਦੀ ਸਮਾਪਤੀ ਤੋਂ ਬਾਅਦ ,ਕਲਕੱਤੇ ਦੇ ਬਹੁਤ ਸਾਰੇ ਆਗੂ ਅਤੇ ਸੰਗਤਾਂ ਮੈਨੂੰ ਹਾਵੜਾ ਰੇਲਵੇ ਸਟੇਸ਼ਨ ਉੱਤੇ ਰੇਲ ਚੜਾਊਣ ਆਏ ।ਕਲਕੱਤੇ ਦੀਆਂ ਸੰਗਤਾਂ ਨੇ ਟੌਹੜਾ ਸਾਹਿਬ ਕਰਕੇ ਮੈਨੂੰ ਬਹੁਤ ਸਤਿਕਾਰ ਦਿੱਤਾ ਸੀ ।ਰੇਲਵੇ ਦੇ ਜਿਸ ਡੱਬੇ ਵਿੱਚ ਮੈਂ ਬੈਠਾ ਸੀ , ਊਸੇ ਡੱਬੇ ਵਿੱਚ ਪੰਥਕ ਢਾਡੀ ਭਾਈ ਰਾਮ ਸਿੰਘ ਝਾਬੇਵਾਲੀਆ ਅਪਣੇ ਸਾਥੀਆਂ ਸਮੇਤ ਆ ਬੈਠੇ ।ਮੈ ਗੱਲਾਬਾਤਾ ਕਰਨ ਲਈ ਭਾਈ ਰਾਮ ਸਿੰਘ ਝਾਬੇਵਾਲੀਆ ਸਾਹਿਬ ਨਾਲ ਊਹਨਾ ਦੀ ਸੀਟ ਉੱਤੇ ਜਾ ਬੈਠਾ ।ਗੱਲ ਸ਼ੁਰੂ ਕਰਦਿਆਂ ਪੰਥਕ ਢਾਡੀ ਭਾਈ ਰਾਮ ਸਿੰਘ ਝਾਬੇਵਾਲੀਆ ਸਾਹਿਬ ਕਹਿਣ ਲੱਗੇ ਨੌਜੂਆਨਾ ਭਾਸ਼ਣ ਤੇ ਬੋਲ ਟੌਹੜਾ ਸਾਹਿਬ ਤੋ ਹੀ ਗ੍ਰਹਿਣ ਕੀਤੇ ਲੱਗਦੇ ਹਨ ।ਮੈ ਕਿਹਾ ਜੀ ਮੇਰੇ ਬਾਬਾ ਜੀ , ਮੇਰੇ ਪਿਤਾ ਜੀ ਅਤੇ ਮੇਰੇ ਨਾਨਾ ਜੀ ਨਾਲ ਟੌਹੜਾ ਸਾਹਿਬ ਦਾ ਬਹੁਤ ਪਿਆਰ ਸੀ ।ਹੁਣ ਮੇਰੇ ਨਾਲ ਵੀ ਊਹਨਾ ਦਾ ਪਿਊ ਪੁੱਤਰਾਂ ਵਰਗਾ ਹੀ ਸਬੰਧ ਹੈ ।ਮੈ ਅਪਣੇ ਪਰਿਵਾਰ ਦੀ ਤੀਜੀ ਪੀੜੀ ਦਾ ਅਕਾਲੀ ਹਾ ।ਮੈ ਵੜੇ ਮਾਣ ਨਾਲ ਦੱਸਿਆ ਕਿ ਮੈਂ ਜਥੇਦਾਰ ਮੌਹਨ ਸਿੰਘ ਤੂੜ ਸਾਹਿਬ ਨਾਲ ਕਰਨਾਲ ਅਤੇ ਅਬਾਲਾ ਦੀ ਜੇਲ ਵਿੱਚ ਤਿੰਨ ਮਹੀਨੇ ਕੈਦ ਰਹਿ ਚੁੱਕਿਆ ਹਾ ।ਹੁਣ ਸਰੋਮਣੀ ਅਕਾਲੀ ਦੱਲ ਵੱਲੋ ਐਮਰਜੈਸੀ ਵਿਰੂਧ ਲਾਏ ਗਏ ਮੋਰਚੇ ਵਿੱਚ ਵੀ ਸ਼ਾਮਲ ਹੋਵਾਂਗਾ । ਝਾਬੇਵਾਲੀਆ ਸਾਹਿਬ ਕਹਿਣ ਲੱਗੇ ਕਿ ਵੜਾ ਪੰਥਕ ਜਜ਼ਬਾ ਵਿਰਾਸਤ ਵਜੋਂ ਸਾਂਭਿਆ ਹੋਇਆ ਹੈ ।ਮੈ ਐਮਰਜੈਸ਼ੀ ਦੇ ਮੋਰਚੇ ਵਿੱਚ ਪਟਿਆਲੇ ਦੀ ਜੇਲ ਵਿੱਚ ਕੈਦ ਵੀ ਰਿਹਾ ਹਾ ।ਗੱਲਾ ਕਰਦਿਆ ਝਾਬੇਵਾਲੀਆ ਸਾਹਿਬ ਨੇ ਨਸੀਹਤ ਦਿੱਤੀ ਕਿ ਮੇਰੀ ਰਾਏ ਹੈ ਕਿ ਜੇ ਤੂੰ ਪੰਥ ਦੀ ਸੇਵਾ ਕਰਨੀ ਹੈ ਤਾਂ ਪੰਥ ਦਾ ਢਾਡੀ ਬਣ ਜਾ ।ਮੈ ਊਹਨਾ ਨੂੰ ਕਿਹਾ ਕਿ ਮੈਂ ਪੰਥ ਦੀ ਚੜਦੀ ਕਲਾ ਲਈ ਜੂਝਦੇ ਰਹਿਣਾ ਚਹੁੰਦੇ ਹਾ ਲੋੜ ਪਈ ਸ਼ਹੀਦ ਵੀ ਹੋ ਸਕਦਾ ।ਮੈ ਸਰੋਮਣੀ ਅਕਾਲੀ ਦੱਲ ਵਿੱਚ ਰਹਿੰਦਿਆਂ ਪੰਥ ਦੀ ਬਹੁਤ ਸੇਵਾ ਕੀਤੀ , ਜੇਲਾ ਕੱਟੀਆਂ , ਰੂਪੋਸ ਰਿਹਾ ਪਰ ਪੰਥ ਦੀ ਚੜਦੀ ਕਲਾ ਲਈ ਜੂਝਦਾ ਰਿਹਾ ਅਤੇ ਜੂਝ ਰਿਹਾ ਹਾ । ਪਰ ਅੱਜ ਜਦੋ ਪੰਥ ਦੀ ਇਸ ਮਹਾਨ ਜਥੇਬੰਦੀ ਸਰੋਮਣੀ ਅਕਾਲੀ ਦੱਲ ਦੇ ਆਗੂਆਂ ਅਤੇ ਵਰਕਰਾਂ ਵੱਲ ਵੇਖਦਾ ਹਾਂ ਤਾਂ ਇਹਨਾਂ ਵਿੱਚ ਮੈਨੂੰ ਕਿਤੇ ਵੀ ਗੁਰਮੁੱਖਤਾਈ ਵੇਖਣ ਨੂੰ ਨਹੀ ਮਿਲਦੀ ਅਤੇ ਨਾ ਹੀ ਕਿਸੇ ਵਿੱਚ ਪੰਥ ਪ੍ਰਸਤੀ ਨਜ਼ਰ ਪੈਂਦੀ ਹੈ ।ਅੱਜ ਦੇ ਅਕਾਲੀ ,ਇਰਖਾ ਨਾਲ ਭਰੇ ਇੱਕ ਦੂਸਰੇ ਨੂੰ ਨੀਵਾਂ ਦਿਖਾਊਣ ਅਤੇ ਪੰਥ ਦੀ ਪਿੱਠ ਵਿੱਚ ਛੂਰੇ ਮਾਰਨ ਵਾਲਿਆਂ ਤੋਂ ਵੱਧ ਕੁੱਝ ਵੀ ਨਹੀ ਲੱਗਦੇ ।ਮੈਨੂੰ ਅੱਜ ਪੰਥ ਦੇ ਮਹਾਨ ਢਾਡੀ ਰਾਮ ਸਿੰਘ ਝਾਬੇਵਾਲੀਆ ਦੇ ਬੋਲ ਯਾਦ ਆ ਰਹੇ ਹਨ ਕਿ ਕਾਸ਼ ਮੈਂ ਊਹਨਾ ਦਾ ਕਹਿਣਾ ਮੰਨ ਕੇ ਪੰਥ ਦਾ ਢਾਡੀ ਬਣ ਜਾਂਦਾ ਤਾਂ ਗੁਰੂ ਸਾਹਿਬਾਨ, ਗੁਰੂ ਸਾਹਿਬਾਨ ਦੇ ਸ਼ਹੀਦ ਪੁੱਤਰਾਂ , ਪੰਥ ਦੇ ਸ਼ਹੀਦਾਂ ਅਤੇ ਕੌਮੀ ਜਰਨੈਲਾਂ ਦੀ ਗਾਥਾ ਪੰਥਕ ਸਟੇਜਾ ਉੱਤੇ ਸਨਾਊਣ ਦਾ ਮੌਕਾ ਮਿਲਦਾ ਰਹਿੰਦਾ ।ਅੱਜ ਅਚਾਨਕ ਜਦੋ ਮੈਨੂੰ ਪੰਥ ਦੇ ਮਹਾਨ ਢਾਡੀ , ਢਾਡੀਆਂ ਦੇ ਬਾਬ ਬੋਹੜ ਸੋਹਣ ਸਿੰਘ ਸੀਤਲ ਨੂੰ ਫੇਸ ਬੁੱਕ ਉੱਤੇ ਸੁੰਨਣ ਦਾ ਮੌਕਾ ਮਿੱਲਿਆ ਤਾਂ ਮੈਨੂੰ ਲੱਗਿਆ ਕਿ ਢਾਡੀ , ਨਿਹੰਗ ਸਿੰਘਾ ਵਾਗੂੰ ਗੁਰੂ ਦੀ ਲਾਡਲੀ ਫੋਜ ਵਰਗੇ ਪੁੱਤਰ ਹਨ । ਜਿੰਨਾ ਚਿਰ ਪੰਥਕ ਢਾਡੀ ਅਕਾਲੀਆ ਦੀਆਂ ਸਟੇਜਾਂ ਦੇ ਸ਼ਿੰਗਾਰ ਰਹੇ , ਅਕਾਲੀ ਸਤਾ ਤੋਂ ਬਾਹਰ ਵੀ ਚੜਦੀ ਕਲਾ ਵਿੱਚ ਰਹੇ , ਪਰ ਜਦੋਂ ਅਕਾਲੀਆਂ ਨੇ ਢਾਡੀਆਂ ਦੀ ਥਾਂ ਅਪਣੀਆ ਸਟੇਜਾ ਨੂੰ ਗੌਣਵਾਲੀਆ ਦਾ ਸ਼ਿੰਗਾਰ ਬਣਾ ਲਿਆ ਤਾਂ ਅਕਾਲੀ ਪਤਨ ਵੱਲ ਚੱਲੇ ਗਏ ।ਮੈ ਢਾਡੀ ਵੀਰਾ ਨੂੰ ਬੇਨਤੀ ਕਰਗਾ ਕਿ ਨਿਰਾਸ਼ ਅਤੇ ਉਦਾਸ ਨਾ ਹੋਵੋ , ਬਲਕਿ ਅਪਣੇ ਆਪ ਉੱਤੇ ਮਾਣ ਕਰੋ ।ਢਾਡੀ ਕਲਾ ਨੂੰ ਚੜਦੀਆ ਵਿੱਚ ਲਿਜਾਣ ਲਈ ਇਸ ਵਿਰਾਸਤ ਦੇ ਵਾਰਸ ਪੈਦਾ ਕਰੋ ।





ਆਵਾਜ਼ਿ ਕੌਮ AWAZE QAUM International Newspaper & WEB TV

**-ਕਰਨੈਲ ਸਿੰਘ ਪੰਜੋਲੀ**


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ
AWAZE QAUM
International Newspaper & WEB TV


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

## ਸੱਦਾ-ਪੱਤਰ

ੴ ਸਤਿਗੁਰ ਪ੍ਰਸਾਦਿ ॥

## ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ

ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ

### ਮਿਤੀ 22 ਅਗਸਤ 2024 ਦਿਨ ਵੀਰਵਾਰ ਨੂੰ

# ਬਰਸੀ ਸਮਾਗਮ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਰਸੀ ਸਮਾਗਮ ਵਿੱਚ ਆਪ ਜੀ ਨੇ ਪਰਿਵਾਰ ਅਤੇ ਵੱਧ ਤੋਂ ਵੱਧ ਸੰਗਤਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

|| 20 ਅਗਸਤ ਦਿਨ ਮੰਗਲਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਵੀਰਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ ||

**ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)**
**ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ**

*ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀ ਅਤੇ ਢਾਡੀ ਜਥੇ :-*

* ਭਾਈ ਬਲਵੰਤ ਸਿੰਘ ਬਕਾਪੁਰ ਵਾਲੇ
* ਉਸਤਾਦ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ
* ਕਵੀਸ਼ਰੀ ਜਥਾ ਗਿ. ਕੇਵਲ ਸਿੰਘ ਮਹਿਤਾ
* ਢਾਡੀ ਜਥਾ ਭਾਈ ਅੰਮ੍ਰਿਤਪਾਲ ਸਿੰਘ ਬੋੜੇ ਵਾਲੇ (ਨਿਹੰਗ ਸਿੰਘ)



**ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ**

ਗੁਰਦੁਆਰਾ ਸ਼ਹੀਦਾਂ ਸਿੰਘਾਂ ਦੀ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ ਸੰਗਤਾਂ ਤਨ-ਮਨ-ਧੰਨ ਨਾਲ ਯੋਗਦਾਨ ਪਾਓ ਜੀ।

**ਨੋਟ : ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ।**

ਬੇਨਤੀ ਕਰਤਾ

## ਜਥੇਦਾਰ ਸਵਰਨਜੀਤ ਸਿੰਘ

(ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) 98760-81108

**ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ**

ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਪਰਮਜੀਤ ਸਿੰਘ ਜੀ ਖਾਲਸਾ ਵੱਲੋਂ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਬੁਲੰਦੀਆਂ ਲਿਜਾਣ ਲਈ

# ਪਹਿਲਗਾਮ, ਸ਼ਿਮਲਾ, ਹਜ਼ੂਰ ਸਾਹਿਬ, ਪਾਉਂਟਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੇ ਸ਼੍ਰੀਨਗਰ ਕਸ਼ਮੀਰ ਵਿਖੇ ਗੁਰਮਤਿ ਦੇ ਕੈਂਪ ਲਾਏ



**ਚੰਡੀਗੜ੍ਹ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪਲੇਟਫਾਰਮ ਤੇ ਲੰਮਾ ਸਮਾਂ ਕੰਮ ਕਰਨ ਵਾਲੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਗੋਦੀ ਦਾ ਨਿੱਗ ਮੰਨਣ ਵਾਲੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਵਿੱਢੇ ਸੰਘਰਸ਼ ਚ ਯੋਗਦਾਨ ਪਾਉਣ ਵਾਲੇ ਖਾੜਕੂ ਸ਼ਹੀਦ ਪਰਿਵਾਰਾਂ ਦੀ ਬਾਂਹ ਫੜਨ ਵਾਲੇ ਹਮੇਸ਼ਾ ਹੀ ਪੰਥਕ ਮਸਲਿਆਂ ਤੇ ਤਤਪਰ ਰਹਿਣ ਵਾਲੀ ਬੇਦਾਗ ਸ਼ਖਸ਼ੀਅਤ ਪਰਮਜੀਤ ਸਿੰਘ ਜੀ ਖਾਲਸਾ ਜਿਨਾਂ ਨੇ ਹਮੇਸ਼ਾ ਹੀ ਗੁਰਮਤ ਤੇ ਪਹਿਰਾ ਦਿੱਤਾ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਬੁਲੰਦੀਆਂ ਲਿਜਾਣ ਲਈ ਤਤਪਰ ਰਹਿੰਦੇ ਸਨ। ਉਹਨਾਂ ਨੌਜਵਾਨਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਗੁਰਮਤ ਦੇ ਕੈਂਪ ਲਾਏ ਪਹਿਲਗਾਮ ਸ਼ਿਮਲਾ ਹਜੂਰ ਸਾਹਿਬ ਪੌਂਟਾ ਸਾਹਿਬ ਅਨੰਦਪੁਰ ਸਾਹਿਬ ਸ਼੍ਰੀਨਗਰ ਕਸ਼ਮੀਰ ਵਿਖੇ ਗੁਰਮਤਿ ਦੇ ਕੈਂਪ ਲਾਏ ਉਹਨਾਂ ਭਾਈ ਪਿੰਦਰਪਾਲ ਸਿੰਘ ਜੀ ਖਾਲਸਾ ਦੇ ਸੰਯੋਗ ਨਾਲ ਪੰਜਾਬ ਦੇ ਵੱਖ-ਵੱਖ ਜਿਲਿਆਂ ਗੁਰਮਤ ਸਮਾਗਮ ਕਰਾਏ ਅਤੇ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਪ੍ਰਚੰਡ ਕੀਤਾ ਜਿਹ ਪੰਥਕ ਦਰਦੀ ਆਗੂ ਦੇ ਤੁਰ ਜਾਣ ਨਾਲ ਜਿੱਥੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਬਹੁਤ ਵੱਡਾ ਘਾਟਾ ਪਿਆ ਉੱਥੇ ਪੰਥ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਅਜਿਹੇ ਪੰਥਕ ਦਰਦੀ ਆਗੂ ਦੇ ਤੁਰ ਜਾਣ ਨਾਲ ਅੱਜ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਦਾ ਨੇ ਉਨਾਂ ਦੇ ਤੁਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਜਥੇਦਾਰ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਵੱਖ-ਵੱਖ ਰਾਜਨੀਤਿਕ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਦਲੇਰ ਸਿੰਘ ਡੋਡ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੱਲ 12 ਅਗਸਤ ਸ਼ਾਮ 4 ਵਜੇ ਭਾਈ ਪਰਮਜੀਤ ਸਿੰਘ ਜੀ ਖਾਲਸਾ ਦਾ ਅੰਤਿਮ ਸੰਸਕਾਰ ਮਾਡਲ ਟਾਊਨ ਲੁਧਿਆਣਾ ਵਿਖੇ ਸ਼ਮਸ਼ਾਨ ਘਰ ਵਿੱਚ ਕੀਤਾ ਜਾਊਗਾ ਅੱਜ ਪਰਿਵਾਰ ਨਾਲ ਪ੍ਰਗਟ ਕਰਨ ਲਈ ਫੈਡਰੇਸ਼ਨ ਦੇ ਵੱਖ-ਵੱਖ ਆਗੂ ਪਹੁੰਚੇ ਹੋਏ ਸਨ ਜਿਨਾਂ ਚ ਭਾਈ ਮੇਜਰ ਸਿੰਘ ਜੀ ਖਾਲਸਾ ਸਰਪਰਸਤ ਭਾਈ ਜਸਪਾਲ ਸਿੰਘ ਭਾਈ ਰਣਜੀਤ ਸਿੰਘ ਜੀ ਲੰਗਿਆਣਾ ਜ਼ਿਲ੍ਹਾ ਪ੍ਰਧਾਨ ਮੋਗਾ ਭਾਈ ਰਾਜਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਫਿਰੋਜਪੁਰ ਭਾਈ ਹਰਜਿੰਦਰ ਸਿੰਘ ਜਿੰਦਾ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸਾਹਿਬ ਭਾਈ ਗੁਰਬੀਰ ਸਿੰਘ ਭੁੱਲਰ ਜਿਲ੍ਹਾ ਪ੍ਰਧਾਨ ਤਰਨ ਤਰਨ ਭਾਈ ਅਮਰਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਜਲੰਧਰ ਭਾਈ ਰਾਜਵਿੰਦਰ ਸਿੰਘ ਪੰਜਗਰਾਈ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਭਾਈ ਸਰਬਜੀਤ ਸਿੰਘ ਜੀ ਜਿਲ੍ਹਾ ਪ੍ਰਧਾਨ ਗੁਰਦਾਸਪੁਰ ਗੁਰਪ੍ਰੀਤ ਸਿੰਘ ਫਤਿਹ ਮੀਡੀਆ ਇੰਚਾਰਜ ਫੈਡਰੇਸ਼ਨ ਭਾਈ ਅਮਰਿੰਦਰ ਸਿੰਘ ਸੰਧੂ ਭਾਈ ਹਰਪ੍ਰੀਤ ਸਿੰਘ ਕੋਟਕਪੂਰਾ ਭਾਈ ਦਵਿੰਦਰ ਸਿੰਘ ਜੀ ਦਮਦਮੀ ਟਕਸਾਲ ਸੰਗਰਾਵਾਂ ਭਾਈ ਚਰਨਜੀਤ ਸਿੰਘ ਜੀ ਰਾਈਆਂਵਾਲਾ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

ਹਰ ਸਿੰਘ 'ਤੇ ਕੌਰ ਐਸ.ਜੀ.ਪੀ.ਸੀ ਦੀ ਆਪਣੀ ਵੋਟ ਪਾਉਣ ਦੇ ਅਧਿਕਾਰ ਦੇ ਅਹਿਮਿਯਤ ਨੂੰ ਸਮਝੇ

# ਐਸ.ਜੀ.ਪੀ.ਸੀ ਦੀ ਵੋਟ ਸਾਡੀ ਸਿਰਮੌਰ ਵਿਲੱਖਣ ਪਹਿਚਾਣ ਨੂੰ ਦਰਸਾਉਂਦੀ ਹੈ



**ਅੰਮ੍ਰਿਤਸਰ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਡੇਰਾ ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੀਟਿੰਗ ਹੋਈ। ਜਿੱਥੇ ਪਾਰਟੀ ਦੇ ਸੀਨੀਅਰ ਲੀਡਰ ਪ੍ਰੋਫੈਸਰ ਮਹਿੰਦਰ ਪਾਲ ਸਿੰਘ ਜੀ, ਮਾਸਟਰ ਕਰਨੈਲ ਸਿੰਘ ਨਾਰੀਕੇ ਜੀ, ਸ.ਇਮਾਨ ਸਿੰਘ ਮਾਨ ਜੀ, ਸ.ਹਰਪਾਲ ਸਿੰਘ ਬਲੇਰ ਜੀ, ਸ.ਉਪਕਾਰ ਸਿੰਘ ਸੰਧੂ ਜੀ, ਸ.ਅਮਰੀਕ ਸਿੰਘ ਨੰਗਲ ਜੀ, ਸ.ਜਸਬੀਰ ਸਿੰਘ ਬੱਚੜਾ ਜੀ, ਸ. ਗੁਰਬਚਨ ਸਿੰਘ ਪਵਾਰ ਜੀ, ਸ.ਕੁਲਵੰਤ ਸਿੰਘ ਮਜੀਠਾ ਜੀ, ਸ.ਦਵਿੰਦਰ ਸਿੰਘ ਫਤਾਹਪੁਰ ਜੀ ਅਤੇ ਸ.ਸ਼ਮਸ਼ੇਰ ਸਿੰਘ ਬਰਾੜ ਜੀ ਨਾਲ ਐਸ.ਜੀ.ਪੀ.ਸੀ ਦੀਆਂ ਹੋਣ ਜਾ ਰਹੀਆਂ ਚੋਣਾ ਬਾਰੇ ਵਿਚਾਰ ਚਰਚਾ ਹੋਈ। ਇਸ ਮੀਟਿੰਗ ਵਿੱਚ ਸਾਰੇ ਪੰਥਕ ਆਗੂਆਂ ਨੇ ਇਹ ਸਮਝਾਇਆ ਕਿ ਹਰ ਸਿੰਘ ਅਤੇ ਕੌਰ ਨੂੰ ਐਸ.ਜੀ.ਪੀ.ਸੀ ਦੀਆਂ ਵੋਟਾਂ ਕਿਉਂ ਲਾਜ਼ਮੀ ਬਨਵਾਉਣੀਆਂ ਚਾਹਿਦੀਆਂ ਹਨ। ਹਰ ਸਿੰਘ ਤੇ ਕੌਰ ਜਿਸਦੀ ਉਮਰ 21 ਸਾਲ ਹੋ ਚੁੱਕੀ ਹੈ ਅਤੇ ਸਾਬਤ ਸੂਰਤ ਹੈ ਮਤਲਬ ਕੇਸ ਕਤਲ ਨਹੀਂ ਕਰਵਾਉਂਦਾ ਹੋਵੇ ਉਹ ਐਸ.ਜੀ.ਪੀ.ਸੀ ਦਾ ਵੋਟਰ ਬਣ ਸਕਦਾ ਹੈ। ਜੇਕਰ ਕਿਸੇ ਨੇ ਅੰਮ੍ਰਿਤ ਛੱਕਣ ਦੀ ਦਾਤ ਨਾ ਲਈ ਹੋਵੇ ਪਰ ਸਾਬਤ ਸੂਰਤ ਹੋਵੇ ਉਹ ਐਸ.ਜੀ.ਪੀ.ਸੀ ਦਾ ਵੋਟਰ ਬਣ ਸਕਦਾ ਹੈ। ਅਸੀਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਾਂ ਪਾਉਣ ਲਈ ਉਤਾਵਲੇ ਹੁੰਦੇ ਹਾਂ। ਕਾਰਪੋਰੇਸ਼ਨ ਅਤੇ ਪੰਚਾਇਤੀ ਚੋਣਾਂ ਲਈ ਹੱਲਾ ਮਚਾਉਂਦੇ ਹਾਂ। ਪਰ ਐਸ.ਜੀ.ਪੀ.ਸੀ ਦੀਆਂ ਵੋਟਾਂ ਤਾਂ ਸਾਨੂੰ ਆਪਣੇ ਨਾਂ ਨਾਲ ਲੱਗਦੇ ਸਿੱਖ ਅਤੇ ਕੌਰ ਦਾ ਵਿਲੱਖਣ ਅਧਿਕਾਰ ਦਿੰਦੇ ਹਨ। ਜਿਸ ਦੀ ਅਸੀਂ ਅਹਿਮਿਯਤ ਹੀ ਨਹੀਂ ਸਮਝਦੇ। ਹਰ ਸਿੱਖ ਤੇ ਕੌਰ ਨੂੰ ਬਲਕਿ ਆਪ ਅੱਗੇ ਆ ਕੇ ਐਸ.ਜੀ.ਪੀ.ਸੀ ਦੀ ਆਪਣੀ ਵੋਟ ਬਨਵਾਉਣੀ ਚਾਹਿਦੀ ਹੈ। ਇਹ ਵੋਟ ਸਾਡੀ ਸਿਰਮੌਰ ਵਿਲੱਖਣ ਪਹਿਚਾਣ ਨੂੰ ਦਰਸਾਉਂਦੀ ਹੈ। ਇਹ ਵੋਟ ਸਾਡੀ ਹੋਂਦ ਨੂੰ ਦਰਸਾਉਂਦੀ ਹੈ। ਸਾਡੀ ਇਹ ਇੱਕ ਐਸੀ ਸ਼ਕਤੀ ਹੈ ਜਿਸਨੂੰ ਅਸੀਂ ਅਣਦੇਖਿਆ ਕਰ ਦਿੰਦੇ ਹਾਂ। ਅਸੀਂ ਪੰਥਕ ਦਰਦ ਰੱਖਣ ਦਾ ਦਾਵਾ ਤਾਂ ਕਰਦੇ ਹਾਂ ਪਰ ਪੰਥਕ ਵੋਟ ਦੇ ਅਧਿਕਾਰ ਨੂੰ ਨਹੀਂ ਸਮਝਦੇ। ਗੁਰੂਧਾਮਾਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਉਦੋਂ ਹੀ ਚੱਲ ਸਕਦਾ ਹੈ ਜਦੋਂ ਉਸ ਦਾ ਪ੍ਰਬੰਧ ਸੁਹਿਰਦ ਆਗੂਆਂ ਦੇ ਹੱਥ ਵਿੱਚ ਹੋਵੇਗਾ। ਇਹ ਸੁਹਿਰਦ ਆਗੂ ਚੁਨਣ ਦਾ ਅਧਿਕਾਰ ਕਿਸੇ ਵੀ ਹੋਰ ਧਿਰ ਕੋਲ ਨਹੀਂ ਹੈ ਸਿਰਫ ਤੇ ਸਿਰਫ ਸਿੰਘ ਤੇ ਕੌਰ ਕੋਲ ਹੈ। ਅਤੇ ਹੈਰਾਨੀ ਦੀ ਗੱਲ ਹੈ ਕਿ ਅਸੀਂ ਇਹ ਵੋਟ ਬਨਾਉਣੀ ਜਰੂਰੀ ਨਹੀਂ ਸਮਝਦੇ। ਜੇਕਰ ਹਰ ਸਿੰਘ ਤੇ ਕੌਰ ਆਪਣੀ ਜਿੰਮੇਵਾਰੀ ਸਮਝ ਕੇ ਐਸ.ਜੀ.ਪੀ.ਸੀ ਦੀਆਂ ਵੋਟਾਂ ਬਣਾ ਲੈਣ ਤਾਂ ਸਾਡੇ ਪਰਿਵਾਰ ਜੋ ਕਿ ਸਿੱਖੀ ਤੋਂ ਬੇਮੁੱਖ ਹੁੰਦੇ ਜਾ ਰਹੇ ਹਨ ਉਹ ਆਪਣੇ ਸਿੱਖੀ ਘਰ ਵੱਲ ਵਾਪਿਸੀ ਕਰਣਗੇ। ਸਾਡੇ ਬੱਚੇ ਗੁਰਬਾਣੀ ਨਾਲ ਜੁੜਣਗੇ। ਸਿੱਖੀ ਸਿਧਾਂਤਾ ਨੂੰ ਸਮਝ ਕੇ ਸੁੱਚੀ ਅਤੇ ਉੱਚੀ ਸੋਚ ਦੇ ਮਾਲਕ ਬਨਣਗੇ। ਨਸ਼ਿਆਂ ਤੋ ਰਹਿਤ ਹੋ ਕੇ ਕਿਰਤ ਕਮਾਈ ਕਰਣਗੇ। ਘੜਮ ਚੌਧਰੀ ਨਾ ਬਣ ਕੇ ਸੇਵਾ ਭਾਵਨਾ ਨਾਲ ਸਮਾਜ ਵਿੱਚ ਵਿਚਰਣਗੇ। ਅੱਜ ਵਿਦੇਸ਼ਾਂ ਵਿੱਚ ਵੀ ਸਰਦਾਰਾਂ ਨੂੰ ਸਤਿਕਾਰ ਮਿਲਦਾ ਹੈ। ਪਰ ਅਸੀਂ ਸਰਦਾਰ ਕਿਉਂ ਹਾਂ ? ਇਹ ਭੁੱਲ ਗਏ ਹਾਂ। ਦਸ ਗੁਰੂਸਹਿਬਾਨਾਂ ਦੇ ਚਰਣ ਛੋਹ ਇਹ ਗੁਰੂਦੁਆਰਾ ਸਾਹਿਬ ਜੋ ਸਾਡੀ ਸਿੱਖੀ ਦਾ ਪ੍ਰਤੀਕ ਹਨ ਅਸੀਂ ਉਨ੍ਹਾਂ ਦੀ ਸੇਵਾ ਸੰਭਾਲ ਵਿੱਚ ਆਪਣਾ ਯੋਗਦਾਨ ਨਹੀਂ ਪਾਉਂਦੇ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਐਸ.ਜੀ.ਪੀ.ਸੀ ਦੀਆਂ ਵੋਟਾਂ ਜਰੂਰ ਬਣਾਇਏ, ਵੱਧ ਚੜ ਕੇ ਵੋਟਾਂ ਪਾਇਏ, ਆਪਣੇ ਗੁਰੂ ਘਰਾਂ ਲਈ ਸੇਵਾਦਾਰ ਖੁੱਦ ਚੁਣਿਏ। ਆਉ ਰੱਲ ਕੇ ਹੰਬਲਾ ਮਾਰਿਏ ਆਪਣੇ ਗੁਰੂ ਘਰ ਆਪ ਸੰਭਾਲਿਏ। ਜੇਕਰ ਸਾਡੇ ਗੁਰੂ ਘਰ ਮਜਬੂਤ ਹੋਣਗੇ ਤਾਂ ਹੀ ਸਾਡੀ ਵਿਲੱਖਣ ਪਹਿਚਾਣ ਮਜਬੂਤ ਹੋਵੇਗੀ। ਇਹ ਸਰਦਾਰ ਕਹਾਉਣਾ ਤੇ ਇਹ ਐਸ.ਜੀ.ਪੀ.ਸੀ ਦੀ ਵੋਟ ਪਾਉਣ ਦੀ ਸਰਦਾਰੀ ਸਿਰਫ ਸਾਡੇ ਸਿੰਘ ਤੇ ਕੌਰ ਕੋਲ ਹੈ। ਆਉ ਮਾਨ ਮਹਿਸੂਸ ਕਰਿਏ ਐਸ.ਜੀ.ਪੀ.ਸੀ ਦੀ ਵੋਟਾਂ ਬਣਾ ਕੇ ਤੇ ਵੋਟਾਂ ਪਾ ਕੇ।

> ਸਰਵਉੱਚ ਸੇਵਾ ਗੁਰੂਧਾਮਾਂ ਦੀ ਸੇਵਾ ਸੰਭਾਲ ਵਿੱਚ ਤੁਹਾਨੂੰ ਯੋਗਦਾਨ ਪਾਉਣ ਦਾ ਮੌਕਾ ਦਿੰਦੀ ਹੈ ਐਸ.ਜੀ.ਪੀ.ਸੀ ਦੀ ਵੋਟ

**-ਰਸ਼ਿੰਪਦਰ ਕੌਰ ਗਿੱਲ, ਜ਼ਿਲਾ ਪ੍ਰਧਾਨ ਇਸਤਰੀ ਵਿੰਗ (ਸ਼੍ਰੀ ਅੰਮ੍ਰਿਤਸਰ ਸਾਹਿਬ)**
**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, +91-9888697078**

# ਏ ਆਰ ਮਲਟੀਸਿਟੀ ਹਸਪਤਾਲ ਲੋਕਾਂ ਲਈ ਹੋ ਰਿਹਾ ਵਰਧਾਨ ਕੀਤਾ ਜਾ ਰਿਹਾ ਹਰ ਬਿਮਾਰੀ ਦਾ ਇਲਾਜ




**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 11 ਅਗਸਤ (ਕੁਲਜੀਤ ਸਿੰਘ ਖੋਖਰ)**-ਏ ਆਰ ਮਲਟੀਸਿਟੀ ਹੋਸਪੀਟਲ ਅੱਡਾ ਧਦੋਈ ਲੋਕਾਂ ਲਈ ਹੋ ਰਿਹਾ ਵਰਧਾਨ ਹਸਪਤਾਲ ਵਿਚ ਕੀਤਾ ਜਾ ਰਿਹਾ ਹਰ ਬਿਮਾਰੀ ਦਾ ਇਲਾਜ ਹਸਪਤਾਲ ਦੇ ਸੀਨੀਅਰ ਡਾਕਟਰ ਸੁਕੰਦਰ ਸਿੰਘ ਨੇ ਪਤਰਕਾਰਾਂ ਦੇ ਰੂਬਰੂ ਹੋ ਕੇ ਦੱਸਿਆ ਕਿ ਹਸਪਤਾਲ ਵਿਚ ਹਰ ਤਰ੍ਹਾਂ ਦੀ ਸੁਵਿਧਾ ਉਪਲੱਬਧ ਹੈ ਛੋਟੇ ਮੋਟੇ ਉਪ੍ਰੇਸ਼ਨ ਤੋਂ ਲੈ ਕੇ ਹਰ ਤਰ੍ਹਾਂ ਦੇ ਵੱਡੇ ਉਪ੍ਰੇਸ਼ਨ ਕੀਤੇ ਜਾਂਦੇ ਹਨ ਅਗੇ ਉਹਨਾਂ ਕਿਹਾ ਕਿ ਹਸਪਤਾਲ ਵਿਚ ਬਹੁਤ ਹੀ ਵਧੀਆ ਤਜਰਬੇ ਕਾਰ ਡਾਕਟਰ ਹਨ ਅਗੇ ਉਹਨਾਂ ਕਿਹਾ ਕਿ ਜੇਕਰ ਸਟਾਫ਼ ਦੀ ਗੱਲ ਕੀਤੀ ਜਾਵੇ ਤਾਂ ਤਾਂ ਸਟਾਫ਼ ਬਹੁਤ ਹੀ ਵਧੀਆ ਤਰੀਕੇ ਨਾਲ ਹਰ ਮਰੀਜ਼ ਦੀ ਦੇਖ ਭਾਲ਼ ਕਰਦੇ ਹਨ ਇਸ ਮੌਕੇ ਉਨ੍ਹਾਂ ਨਾਲ ਡਾਕਟਰ ਜੀਵਨ ਜੋਤੀ ਡਾਕਟਰ ਪਰਮਜੀਤ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

# ਅਕਾਲ ਤਖ਼ਤ ਸਾਹਿਬ ਤੋਂ ਨਿਸ਼ਾਨ ਸਾਹਿਬ ਦੇ ਰੰਗ ਲਈ ਲਿਆ ਗਿਆ ਫੈਸਲਾ ਸਿੱਖ ਕੌਮ ਦੀ ਅੱਡਰੀ ਪਹਿਚਾਣ ਦੇ ਪੱਖੋਂ ਹੋਵੇਗਾ ਮੀਲ ਪੱਥਰ ਸਾਬਤ: ਸਰਨਾ



ਨਵੀਂ ਦਿੱਲੀ 11 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦੀ ਰੌਸ਼ਨੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਆਦੇਸ਼ ਨਿਸ਼ਾਨ ਸਾਹਿਬ ਦੇ ਰੰਗ ਬਸੰਤੀ/ ਪੀਲ਼ਾ (ਅਸਲ ਕੇਸਰੀ) ਜਾਂ ਸੁਰਮਈ ਹੋਣ ਬਾਰੇ ਆਇਆ ਹੈ । ਇਸ ਫੈਸਲੇ ਅੱਗੇ ਸਮੁੱਚੀ ਸਿੱਖ ਕੌਮ ਨੇ ਸ਼ਰਧਾ ਤੇ ਸਤਿਕਾਰ ਨਾਲ ਸੀਸ ਝੁਕਾਉਂਦੇ ਹੋਏ ਨਾ ਸਿਰਫ ਇਸਨੂੰ ਪ੍ਰਵਾਨ ਕੀਤਾ ਹੈ । ਸਗੋਂ ਇਸ ਉੱਪਰ ਖੁਸ਼ੀ - ਖੁਸ਼ੀ ਫੁਲ ਵੀ ਚੜ੍ਹਾਏ ਹਨ । ਸਮੁੱਚੇ ਖ਼ਾਲਸਾ ਪੰਥ ਨੇ ਇਸ ਆਦੇਸ਼ ਤੇ ਅਥਾਹ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸਨੂੰ ਸਲਾਹਿਆ ਹੈ ਤੇ ਇਹ ਮੰਨਿਆ ਹੈ ਕਿ ਇਹ ਫੈਸਲਾ ਸਿੱਖ ਕੌਮ ਦੀ ਅੱਡਰੀ ਪਹਿਚਾਣ ਦੇ ਪੱਖੋਂ ਮੀਲ ਪੱਥਰ ਸਾਬਤ ਹੋਵੇਗਾ । ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਜਦੋਂ ਇਸ ਆਦੇਸ਼ ਦੇ ਜਾਰੀ ਹੋਣ ਤੋਂ ਬਾਅਦ ਵੱਖ - ਵੱਖ ਚੈਨਲਾਂ ਉੱਪਰ ਵਿਚਾਰ - ਚਰਚਾਵਾਂ ਹੋਈਆਂ ਤਾਂ ਇਸਦਾ ਸਭ ਤੋਂ ਵੱਧ ਵਿਰੋਧ ਸੰਘ ਤੇ ਆਰੀਆ ਸਮਾਜ ਦੀ ਵਿਚਾਰਧਾਰਾ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਨੇ ਕੀਤਾ ਜਦਕਿ ਸਿੱਖਾਂ ਦੇ ਅੰਦਰੂਨੀ ਮਸਲਿਆਂ ਵਿੱਚ ਬੋਲਣ ਦਾ ਉਹਨਾਂ ਨੂੰ ਕੋਈ ਹੱਕ ਨਹੀਂ । ਪਰ ਉਹਨਾਂ ਲੋਕਾਂ ਨੇ 1927 ਤੋਂ ਵਿਚਾਰ ਚਰਚਾ ਆਰੰਭ ਹੋਣ ਤੋਂ ਲੈ ਕੇ 1945 ਤੱਕ ਪੰਥ ਵਿੱਚ ਵਿਆਪਕ ਚਰਚਾ ਤੋਂ ਬਾਅਦ ਹੋਂਦ ਵਿੱਚ ਆਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਅੰਗਰੇਜ਼ਾਂ ਦੀ ਉਪਜ ਦੱਸਿਆ। ਇਹ ਇਤਫ਼ਾਕ ਹੈ ਜਾਂ ਕੋਈ ਹੋਰ ਗੱਲ ਕਿ ਇਹਨਾਂ ਗੱਲਾਂ ਤੋਂ ਬਾਅਦ ਸਿੱਖਾਂ ਦੇ ਅੰਦਰੋਂ ਵੀ ਕੁਝ ਹਿੱਸੇ ਇਸੇ ਤਰਜ਼ ਤੇ ਨਿਸ਼ਾਨ ਸਾਹਿਬ ਦੇ ਅਸਲ ਰੰਗ ਬਸੰਤੀ/ ਪੀਲਾ (ਅਸਲ ਕੇਸਰੀ) ਤੇ ਸੁਰਮਈ ਕੀਤੇ ਜਾਣ ਦੇ ਪੰਥ ਪ੍ਰਵਾਨਿਤ ਫੈਸਲੇ ਨੂੰ ਬਦਲਾਉਣ ਲਈ ਸਰਗਰਮ ਹੋਏ ਹਨ । ਉਹਨਾਂ ਲੋਕਾਂ ਨੂੰ ਮੈਂ ਕਹਿਣਾ ਚਾਹਾਂਗਾ ਕਿ ਇਹ ਫੈਸਲਾ ਸਿੱਖ ਕੌਮ ਲਈ ਇਸ ਸਦੀ ਦੇ ਅਹਿਮ ਫੈਸਲਿਆਂ ਵਿੱਚੋਂ ਇੱਕ ਹੈ ਤੇ ਸਮੁੱਚੀ ਸਿੱਖ ਕੌਮ ਨੇ ਖਿੜੇ ਮੱਥੇ ਉਤਸ਼ਾਹ ਦੇ ਨਾਲ ਇਸਦਾ ਸਵਾਗਤ ਕਰਕੇ ਪੰਥਕ ਰਵਾਇਤਾਂ ਤੇ ਸਿਧਾਤਾਂ ਦੀ ਰੌਸ਼ਨੀ ਵਿੱਚ ਲਏ ਗਏ ਇਸ ਫੈਸਲੇ ਤੇ ਮੋਹਰ ਲਗਾਈ ਹੈ। ਅੱਜ ਜੋ ਲੋਕ ਇਸ ਫੈਸਲੇ ਨੂੰ ਉਲ਼ਟਾਉਣ ਲਈ ਸਰਗਰਮ ਹੋਏ ਹਨ । ਉਹ ਇਹ ਗੱਲ ਚੇਤੇ ਰੱਖਣ ਕਿ ਸਿੱਖ ਸਿਧਾਤਾਂ, ਰਵਾਇਤਾਂ ਤੇ ਪੰਥ ਦੀ ਸਾਂਝੀ ਰਾਇ ਤੋਂ ਪਾਸੇ ਹੋਕੇ ਚੱਲਣ ਵਾਲੀ ਗੱਲ ਤੇ ਹੈ ਹੀ ਇਸਦੇ ਨਾਲ ਹੀ ਇਹ ਕੌਮ ਵਿੱਚ ਜਾਣ ਬੁਝਕੇ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜਨ ਵਾਲੀ ਗੱਲ ਹੈ । ਜਿਹੜੇ ਵੀ ਲੋਕ ਚਾਹੇ ਉਹ ਕਿਸੇ ਵੀ ਅਹੁਦੇ ਜਾਂ ਰੁਤਬੇ ਤੇ ਹੋਣ ਜੋ ਵੀ ਇਸ ਫੈਸਲੇ ਦਾ ਵਿਰੋਧ ਕਰ ਰਹੇ ਹਨ ਜਾਂ ਕਰਨਗੇ ਉਹਨਾਂ ਦਾ ਭਾਂਡਾ ਪੰਥ ਵਿੱਚ ਸਰੇ ਬਜ਼ਾਰ ਭੱਜ ਜਾਵੇਗਾ ਤੇ ਉਹਨਾਂ ਦੀ ਸੰਘ ਤੇ ਆਰੀਆ ਸਮਾਜ ਨਾਲ ਸਾਂਝ ਸ਼ਰੇਆਮ ਨਸ਼ਰ ਹੋਵੇਗੀ । ਕਿਉਂਕਿ ਸਾਰਾ ਪੰਥ ਇਸ ਮਸਲੇ ਤੇ ਇੱਕ ਮੱਤ ਹੈ ਜੇਕਰ ਕਿਸੇ ਨੂੰ ਤਕਲੀਫ ਹੋਈ ਹੈ ਤਾਂ ਸਿੱਖਾਂ ਨੂੰ ਆਪਣੇ 'ਚ ਜਜਬ ਕਰਨ ਦੀ ਲਾਲਸਾ ਤੇ ਭਾਵਨਾ ਰੱਖਣ ਵਾਲੀਆਂ ਤਾਕਤਾਂ ਨੂੰ ਹੋਈ ਹੈ । ਹੁਣ ਜੋ ਵੀ ਪੰਥ ਦੇ ਉਲਟ ਜਾਵੇਗਾ ਉਹ ਇਹਨਾਂ ਪੰਥ ਵਿਰੋਧੀ ਤਾਕਤਾਂ ਦੇ ਨਾਲ ਖੜ੍ਹੇਗਾ ਤੇ ਇਸ ਲਈ ਪੰਥ ਪ੍ਰਵਾਨਿਤ ਇਸ ਇਤਿਹਾਸਿਕ ਫੈਸਲੇ ਦਾ ਵਿਰੋਧ ਕਰਨ ਵਾਲਿਆਂ ਨੂੰ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਅਸੀ ਸਿੰਘ ਸਾਹਿਬ ਜੱਥੇਦਾਰ ਰਘੁਬੀਰ ਸਿੰਘ ਦੀ ਅਗਵਾਈ ਵਿੱਚ ਲਏ ਗਏ ਇਸ ਇਤਿਹਾਸਕ ਫੈਸਲੇ ਦੀ ਵਧਾਈ ਦੇਂਦਿਆਂ ਇਸ ਇਲਾਹੀ ਹੁਕਮ ਅੱਗੇ ਸੀਸ ਝੁਕਾਉਂਦੇ ਹਾਂ, ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਹਨਾਂ ਹੁਕਮਾਂ ਨੂੰ ਤੁਰੰਤ ਲਾਗੂ ਕਰਨ ਦੇ ਅਮਲਾਂ ਦੀ ਅਸੀ ਭਰਪੂਰ ਸ਼ਲਾਘਾ ਕਰਦੇ ਹੋਏ ਦੁਨੀਆਂ ਭਰ ਦੀਆਂ ਸਿੱਖ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਜਲਦੀ ਤੋਂ ਜਲਦੀ ਇਸ ਇਲਾਹੀ ਫੁਰਮਾਨ ਨੂੰ ਅਮਲਾਂ ਵਿਚ ਲਿਆਉਣ।

# ਭਾਈ ਪਰਮਜੀਤ ਸਿੰਘ ਖਾਲਸਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ, 11 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅਖੰਡ ਕੀਰਤਨੀ ਜੱਥਾ ਦਿੱਲੀ ਦੇ ਮੁੱਖ ਸੇਵਾਦਾਰ ਭਾਈ ਅਰਵਿੰਦਰ ਸਿੰਘ ਜੀ ਰਾਜਾ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮਹਿਲਾ ਵਿੰਗ ਦੇ ਮੁੱਖੀ ਬੀਬੀ ਰਣਜੀਤ ਕੌਰ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੋਹਰੀ ਆਗੂ ਭਾਈ ਪਰਮਜੀਤ ਸਿੰਘ ਖ਼ਾਲਸਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਭਾਈ ਪਰਮਜੀਤ ਸਿੰਘ ਖ਼ਾਲਸਾ ਇਕ ਪੰਥਕ ਆਗੂ ਅਤੇ ਸਿੱਖ ਸਿਧਾਂਤਾਂ ਨੂੰ ਸਮਰਪਿਤ ਸ਼ਖਸੀਅਤ ਸਨ। ਉਨ੍ਹਾਂ ਦੀ ਘਾਟ ਸਿੱਖ ਕੌਮ ਨੂੰ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। ਉਨ੍ਹਾਂ ਨੇ ਭਾਈ ਖ਼ਾਲਸਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਿਦਆਂ ਕਰਤਾ ਪੁਰਖ ਦੇ ਸਨਮੁੱਖ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾ ਵਿਚ ਨਿਵਾਸ ਬਖਸ਼ਣ।

### ਬੱਚਿਆਂ ਅਤੇ ਸਕੂਲ ਸਟਾਫ਼ ਨੇ ਕੀਤਾ ਖ਼ੂਬ ਮਨੋਰੰਜਨ

# ਐੱਸ.ਜੀ.ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਲੱਗੀਆਂ ਤੀਆਂ ਦੀਆਂ ਰੌਣਕਾਂ









ਮਹਿਲ ਕਲਾਂ/ਬਰਨਾਲਾ -(ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ.ਜੀ.ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਸਕੂਲ ਦੇ ਬੱਚਿਆ ਅਤੇ ਸਕੂਲ ਦੀਆਂ ਟੀਚਰਾਂ ਵੱਲੋਂ ਪੰਜਾਬੀ ਵਿਰਸੇ ਨਾਲ ਸਬੰਧਿਤ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ, ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਗਿੱਧਾ, ਭੰਗੜਾ, ਕਿੱਕਲੀ, ਕੋਰੀਓਗ੍ਰਾਫੀਆਂ ਦੀ ਸ਼ਾਨਦਾਰ ਪੇਸ਼ਕਾਰੀ ਕਰਕੇ ਖੂਬ ਰੰਗ ਬੰਨ੍ਹਿਆ ਅਤੇ ਇਸ ਮੌਕੇ ਸਕੂਲ ਦੇ ਨੰਨੇ-ਮੁੰਨੇ ਬੱਚਿਆ ਨੇ ਵੀ ਵਿਸ਼ੇਸ਼ ਕਲਾਕਾਰੀਆਂ ਪੇਸ਼ ਕੀਤੀਆਂ।ਸਟੇਜ ਤੇ ਚਰਖੇ, ਮਧਾਣੀਆਂ, ਚਾਟੀਆਂ, ਪੱਖੀਆਂ ਤੇ ਫੁਲਕਾਰੀਆਂ ਨੇ ਸਟੇਜ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਦਿੱਤੇ, ਲੜਕਿਆਂ ਦੇ ਗਰੁੱਪ ਨੇ ਭੰਗੜਾ ਪਾ ਕੇ ਅਤੇ ਕੁੜੀਆਂ ਦੇ ਵੱਖ-ਵੱਖ ਕਲਾਸਾਂ ਦੇ ਗਰੁੱਪਾਂ ਨੇ ਵਾਰੋ ਵਾਰੀ ਸਟੇਜ ਤੇ ਬੋਲੀਆਂ ਪਾ ਕੇ ਤੇ ਨੱਚ ਕੇ ਪੰਜਾਬੀ ਵਿਰਸੇ ਦੀ ਖੂਬਸੂਰਤ ਝਲਕ ਪੇਸ਼ ਕੀਤੀ, ਸਕੂਲ ਸਟਾਫ਼ ਵਿੱਚੋਂ ਮੈਡਮਾਂ ਨੇ ਬੱਚਿਆਂ ਨੂੰ ਸਾਉਣ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕਿ ਕਿਸ ਤਰਾਂ ਸਾਉਣ ਮਹੀਨੇ ਵਿੱਚ ਧੀਆਂ ਆਪਣੇ ਪੇਕੇ ਘਰਾਂ ਵਿੱਚ ਇਕੱਠੀਆਂ ਹੋ ਕੇ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਤੇ ਸਖੀਆਂ ਸਹੇਲੀਆਂ ਨਾਲ ਆਪਣੇ ਦੁੱਖ ਸੁੱਖ ਸਾਂਝੇ ਕਰਦੀਆਂ ਹਨ। ਆਪਣੇ ਪਰਿਵਾਰਾਂ ਦੀ ਸੁੱਖ ਮਨਾਉਂਦੀਆਂ ਹਨ।ਤੀਆਂ ਦਾ ਤਿਉਹਾਰ ਸਦੀਆਂ ਪੁਰਾਣਾ ਚੱਲਿਆ ਆ ਰਿਹਾ ਹੈ। ਤੇ ਸਾਨੂੰ ਆਪਣੇ ਵਿਰਸੇ ਦੀ ਸੰਭਾਲ ਦੇ ਤੌਰ ਤੇ ਇਸ ਨਾਲ ਜੁੜੇ ਰਹਿਣਾ ਚਾਹੀਦਾ ਹੈ। ਤੇ ਪੁਰਾਤਨ ਪੰਜਾਬੀ ਵਿਰਸੇ ਨਾਲ ਸਬੰਧਤ ਤਿਉਹਾਰ ਸਾਨੂੰ ਜ਼ਰੂਰ ਮਨਾਉਣੇ ਚਾਹੀਦੇ ਹਨ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਕਿਹਾ ਕਿ ਸਾਡੇ ਸਕੂਲ ਵੱਲੋਂ ਬੱਚਿਆਂ ਨੂੰ ਚੰਗੀ ਵਿੱਦਿਆ ਦੇ ਨਾਲ-ਨਾਲ ਅਜਿਹੀਆਂ ਪੁਰਾਤਨ ਪੰਜਾਬੀ ਵਿਰਸੇ ਨਾਲ ਸਬੰਧਤ ਅਤੇ ਹੋਰ ਅਗਾਂਹਵਧੂ ਗਤੀਵਿਧੀਆਂ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਅਕਸਰ ਹੀ ਸਮੇਂ ਸਮੇਂ ਨਾਲ ਕਰਵਾਈਆਂ ਜਾਂਦੀਆ ਹਨ।ਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਬੱਚਿਆਂ ਨੂੰ ਖੇਡ ਕੰਪੀਟੀਸ਼ਨ ਲਈ ਵੀ ਤਿਆਰ ਕਰਦੇ ਹਾਂ, ਸਾਡੇ ਸਕੂਲ ਦੇ ਬੱਚੇ ਅਨੇਕਾਂ ਥਾਵਾਂ ਤੋਂ ਖੇਡਾਂ ਵਿੱਚ ਪੁਜੀਸ਼ਨਾਂ ਹਾਸਲ ਕਰਕੇ ਸਨਮਾਨਿਤ ਹੋ ਚੁੱਕੇ ਹਨ। ਤੇ ਸਾਡੇ ਸਕੂਲ ਦਾ ਮਿਹਨਤੀ ਸਟਾਫ਼ ਹਮੇਸ਼ਾ ਬੱਚਿਆਂ ਦੀ ਤਰੱਕੀ ਲਈ ਸਖ਼ਤ ਮਿਹਨਤ ਕਰਦਾ ਹੈ। ਇਸ ਮੌਕੇ ਸਮੁੱਚੇ ਸਟਾਫ਼ ਵਿੱਚ ਕੁਲਜੀਤ ਸਿੰਘ ,ਗੁਰਪ੍ਰੀਤ ਕੌਰ, ਰਮਨਜੀਤ ਕੌਰ,ਸੁਖਮੀਤ ਕੌਰ, ਪ੍ਰਦੀਪ ਕੌਰ, ਪਵਨਜੀਤ ਕੌਰ, ਹਰਪ੍ਰੀਤ ਕੌਰ, ਰਮਨਦੀਪ ਕੌਰ, ਜਸਪ੍ਰੀਤ ਕੌਰ, ਮਨਦੀਪ ਕੌਰ ,ਅਮਨਜੋਤ ਕੌਰ, ਅਮਨਦੀਪ ਕੌਰ, ਕਮਲਜੀਤ ਕੌਰ, ਲਛਮਣੀ, ਪ੍ਰਭਜੋਤ ਕੌਰ, ਸੁਖਜੀਤ ਕੌਰ, ਜਸਵੀਰ ਕੌਰ, ਪ੍ਰਵੀਨ ਆਦਿ ਤੋਂ ਇਲਾਵਾ ਸਮੁੱਚੀ ਮੈਨੇਜ਼ਮੈਂਟ ਹਾਜ਼ਿਰ ਸੀ।



ਆਵਾਜ਼ਿ ਕੌਮ AWAZE QAUM International Newspaper & WEB TV

### ਸੰਤ ਲੌਂਗੋਵਾਲ ਦੀ 39ਵੀਂ ਬਰਸੀ ਮਨਾਉਣ ਲਈ

# ਅਕਾਲੀ ਸੁਧਾਰ ਲਹਿਰ ਹਲਕਾ ਧੂਰੀ ਵਿਖੇ ਹੋਈ ਭਰਵੀਂ ਮੀਟਿੰਗ



**ਧੂਰੀ ( ਰਣਜੀਤ ਸਿੰਘ ਪੇਧਨੀ )** ਸ੍ਰੋਮਣੀ ਅਕਾਲੀ ਦੇ ਜਿਲ੍ਹਾ ਪ੍ਰਧਾਨ, ਮਹਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 39ਵੀਂ ਬਰਸੀ ਦੇ ਸਬੰਧ ਵਿੱਚ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਪਰਮਜੀਤ ਸਿੰਘ ਪੰਮਾ ਬਾਠ ਦੀ ਅਗਵਾਈ ਹੇਠ ਗੁਰਦੁਆਰਾ ਨਾਨਕਸਰ ਵਿਖੇ ਭਰਮੀ ਮੀਟਿੰਗ ਕੀਤੀ ਗਈ ।ਜਿਸ ਵਿੱਚ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਡਸਾ, ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ,ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ, ਸਾਬਕਾ ਪਾਰਲੀਮਾਨੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ, ਅਮਨਵੀਰ ਸਿੰਘ ਚੈਰੀ ਵਿਸ਼ੇਸ ਤੌਰ ਤੇ ਸ਼ਾਮਿਲ ਹੋਏ ।ਇਸ ਮੌਕੇ ਆਏ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਅਸਲੀ ਸ੍ਰੋਮਣੀ ਅਕਾਲੀ ਦਲ ਨੂੰ ਸੁਖਬੀਰ ਸਿੰਘ ਬਾਦਲ ਤੋਂ ਮੁਕਤ ਕਰਵਾਉਣ ਲਈ ਅਕਾਲੀ ਦਲ ਨੂੰ ਬਚਾਉਣ ਲਈ ਅਕਾਲੀ ਸੁਧਾਰ ਲਹਿਰ ਦਾ ਸਾਥ ਦਿਓ ਅਤੇ ਭਾਈ ਦਿਆਲਾ ਪਬਲਿਕ ਸਕੂਲ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸੱਚੀ ਸਰਧਾਂਜਲੀ ਦੇਣ ਲਈ ਵੱਧ ਤੋਂ ਵੱਧ ਲੌਂਗੋਵਾਲ ਵਿਖੇ ਪਹੁੰਚੋ ।ਇਸ ਮੌਕੇ ਹੰਸ ਰਾਜ ਗਰਗ,ਗੁਰਵਿੰਦਰ ਸਿੰਘ ਪੁੰਨਾਵਾਲ, ਗਿਆਨ ਸਿੰਘ ਬਾਵਾ, ਸੁਖਦੇਵ ਸਿੰਘ ਸੇਖੋਂ ਭਲਵਾਨ, ਹਰਜੀਤ ਸਿੰਘ ਬੁਗਰਾ, ਭਰਭੂਰ ਸਿੰਘ ਬੇਨੜਾ, ਸਰਪੰਚ ਕੁਲਦੀਪ ਸਿੰਘ ਬਟੂਹਾ, ਮਹਿੰਦਰ ਸਿੰਘ ਰਣੀਕ , ਅਮਰਜੀਤ ਸਿੰਘ ਕਹੇਰੂ , ਬਲਵੀਰ ਸਿੰਘ ਬਰੜਵਾਲ, ਕਿਰਪਾਲ ਸਿੰਘ ਸੇਰਪੁਰ ਸੋਢਿਆ, ਦਰਬਾਰਾ ਸਿੰਘ ਬੁਗਰਾ, ਮੇਘ ਰਾਜ ਘਨੌਰੀ, ਬਿੱਟੂ ਭਸੌੜ, ਮਾਧੋ ਐਮ,ਸੀ, ਜਗਰੂਪ ਸਿੰਘ, ਗੁਰਮੇਲ ਸਿੰਘ ਦੋਹਲਾ ਵਿਜੇ ਕੁਮਾਰ, ਗੁਰਤੇਜ ਸਿੰਘ , ਰਣਜੀਤ ਸਿੰਘ ਭੁੱਲਰ ਹਾਜਰ ਸਨ। ਸਟੇਜ ਦੀ ਕਾਰਵਾਈ ਮਾਂ, ਹਰਦੇਵ ਸਿੰਘ ਜਵੰਧਾ ਨੇ ਨਿਵਾਈ।

ਆਵਾਜ਼ਿ ਕੌਮ AWAZE QAUM International Newspaper & WEB TV

# ਬਲਵਿੰਦਰ ਸਿੰਘ ਉਸਮਾਂ ਨੂੰ ਸੈਕੜੇ ਸੇਜ਼ਲ ਅੱਖਾਂ ਕੀਤਾ ਰੁਖ਼ਸਤ





ਚੌਂਕ ਮਹਿਤਾ, 11 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)- ਪ੍ਰਸਿੱਧ ਟਰਾਂਸਪੋਟਰ ਬਾਪੂ ਜਗੀਰ ਸਿੰਘ (ਅਕਾਸ਼ ਟਰਾਂਸਪੋਰਟ ਦੁਬਈ) ਦੇ ਸਪੁੱਤਰ, ਸੀਨੀਅਰ 'ਆਪ' ਆਗੂ ਠੇਕੇਦਾਰ ਲਖਵਿੰਦਰ ਸਿੰਘ ਉਸਮਾਂ ਅਤੇ ਵਪਾਰ ਮੰਡਲ ਜਿਲ੍ਹਾ ਅੰਮ੍ਰਿਤਸਰ ਦੇ ਵਾਈਸ ਪ੍ਰਧਾਨ ਹਰਜਿੰਦਰ ਸਿੰਘ ਉਸਮਾਂ ਦੇ ਭਰਾਤਾ ਸ. ਬਲਵਿੰਦਰ ਸਿੰਘ ਉਸਮਾਂ ਬੀਤੇ ਕੱਲ ਅਕਾਲ ਚਲਾਣਾ ਕਰ ਗਏ ਸਨ, ਜਿਨਾਂ ਦੇ ਅੰਤਿਮ ਸਸਕਾਰ ਸਮੇਂ ਅੱਜ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਅਤੇ ਠੇਕੇਦਾਰ ਲਖਵਿੰਦਰ ਸਿੰਘ ਉਸਮਾਂ ਨੇ ਚਿਖਾ ਨੂੰ ਅਗਨੀ ਦਿੱਤੀ। ਇਸ ਮੌਕੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾਂ ਅਤੇ ਡਾ. ਪਰਮਜੀਤ ਸਿੰਘ ਸੰਧੂ ਗੁਰਜਿੰਦਰ ਸਿੰਘ ਕੁਹਾਟਵਿੰਡ ਬਲਾਕ ਪ੍ਰਧਾਨ, ਜਰਮਨਜੀਤ ਸਿੰਘ ਉਦੋਂ ਨੰਗਲ ਬਲਾਕ ਪ੍ਰਧਾਨ, ਅਜੈ ਗਾਧੀ, ਬੂਟਾ ਸਿੰਘ ਜਲਾਲ ਮੀਡੀਆ ਇੰਨਚਾਰਜ ਜੰਡਿਆਲਾ ਗੁਰੂ, ਅਮਰ ਰਾਵਤ, ਡਾ, ਹਰਵਿੰਦਰਬੀਰ ਸਿੰਘ, ਸੁਖਦੇਵ ਸਿੰਘ ਉਸਮਾ, ਜੋਬਨਜੀਤ ਸਿੰਘ ਕੁਹਾਟਵਿੰਡ, ਸਰਪੰਚ ਸਲਿੰਦਰ ਸਿੰਘ ਟੋਨਾ, ਚੇਅਰਮੈਨ ਕਸਮੀਰ ਸਿੰਘ ਕਾਲਾ ਸਰਪੰਚ ਮਹਿਤਾ, ਇਕਬਾਲ ਸਿੰਘ ਸਾਹ ਮਹਿਤਾ, ਕਵਲਜੀਤ ਸਿੰਘ ਪ੍ਰਧਾਨ, ਕੁਲਵਿੰਦਰ ਸਿੰਘ ਧਰਦਿਓ, ਸੋਨੀ ਸਰਪੰਚ ਧਰਦਿਓ, ਸੁੱਖ ਰੰਧਾਵਾ, ਦਇਆ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੇ ਲੋਕ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਧਾਇਕ ਜੀਵਨਜੋਤ ਕੌਰ ਦੀ ਸਿਫ਼ਾਰਿਸ਼ 'ਤੇ ਸ਼ਮਸ਼ਾਨਘਾਟ ਨੂੰ ਬਣਾਉਣ ਲਈ 30 ਲੱਖ ਰੁਪਏ ਦਾ ਐਸਟੀਮੇਟ ਬਣਾਇਆ ਗਿਆ ਸੀ, 27 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਕੰਮ ਸ਼ੁਰੂ ਨਹੀਂ ਹੋਇਆ



**ਚੌਂਕ ਮਹਿਤਾ, 11 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਪੂਰਬੀ ਦੇ ਵਾਰਡ 23 ਵਿੱਚ ਪੈਂਦੇ ਪਿੰਡ ਵੱਲਾ ਦੇ ਸ਼ਮਸ਼ਾਨਘਾਟ ਦੇ ਵਿਕਾਸ ਅਤੇ ਉਸਾਰੀ ਲਈ ਨਗਰ ਨਿਗਮ ਵੱਲੋਂ ਐਸਟੀਮੇਟ ਪਾਸ ਕਰਨ ਦੇ 27 ਮਹੀਨਿਆਂ ਬਾਅਦ ਵੀ ਕੰਮ ਸ਼ੁਰੂ ਨਾ ਕਰਨ ਤੇ ਵੱਲਾ ਵਾਸੀਆਂ ਵਿੱਚ ਨਗਰ ਨਿਗਮ ਦੇ ਅਧਿਕਾਰੀਆਂ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਕਸ਼ਮੀਰ ਸਿੰਘ ਕਾਕੂ, ਸਤਨਾਮ ਸਿੰਘ ਨਾਮੂ, ਸਵਰਨ ਸਿੰਘ, ਬਲਦੇਵ ਸਿੰਘ, ਬਲਦੇਵ ਸਿੰਘ ਬਾਘਾ, ਜਗਦੇਵ ਸਿੰਘ, ਬਾਬਾ ਇੰਦਰਜੀਤ ਸਿੰਘ ਆਦਿ ਨੇ ਦੱਸਿਆ ਕਿ ਵੱਲਾ ਵਿਖੇ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਸ਼ਮਸ਼ਾਨਘਾਟ ਵਿਚ ਅੰਤਿਮ ਸੰਸਕਾਰ ਕਰਨ ਲਈ ਨਾ ਤਾਂ ਸ਼ੈੱਡ ਬਣੇ, ਲੋਕਾਂ ਦੇ ਪੀਣ ਲਈ ਪਾਣੀ, ਬੈਠਣ ਲਈ ਹਾਲ ਆਦਿ ਸਹੂਲਤਾਂ ਦੀ ਘਾਟ ਕਾਰਨ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਕਰਨ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਨੂੰ ਲੈ ਕੇ ਹਲਕਾ ਵਿਧਾਇਕ ਜੀਵਨਜੋਤ ਕੌਰ ਨੂੰ ਜਾਣਕਾਰੀ ਦੇਣ ਤੋਂ ਬਾਅਦ ਸ਼ਮਸ਼ਾਨਘਾਟ 'ਚ ਮ੍ਰਿਤਕ ਦਾ ਸਸਕਾਰ ਕਰਨ ਲਈ ਸ਼ੈੱਡ ਅਤੇ ਪਾਣੀ ਦੀ ਵਰਤੋਂ ਕਰਨ ਲਈ ਕੀਤੀ ਗਈ ਸੀ ਅਤੇ ਵਿਧਾਇਕ ਦੀ ਸਿਫ਼ਾਰਿਸ਼ 'ਤੇ ਨਿਗਮ ਕਮਿਸ਼ਨਰ ਨੇ 28 ਅਪ੍ਰੈਲ ਨੂੰ ਸ਼ਮਸ਼ਾਨਘਾਟ ਦੇ ਵਿਕਾਸ ਲਈ 30 ਲੱਖ ਰੁਪਏ ਦਾ ਅਨੁਮਾਨ ਲਗਾਇਆ ਸੀ ਇਸ ਦੇ ਬਾਵਜੂਦ ਟੈਂਡਰ ਨਹੀਂ ਨਿਕਲੇ ਜਿਸ ਕਾਰਨ ਕੰਮ ਸ਼ੁਰੂ ਨਹੀਂ ਹੋ ਸਕਿਆ। ਇਸ ਤੋਂ ਇਲਾਵਾ ਹਾਊਸ ਦੀ ਮੀਟਿੰਗ ਵਿੱਚ ਨਿਗਮ ਵੱਲੋਂ ਸਾਲ 2020-21 ਵਿੱਚ ਵੱਲਾ ਨੂੰ ਜਾਣ ਵਾਲੀ ਬਾਂਸਾਵਾਲਾ ਬਾਜ਼ਾਰ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ 'ਤੇ ਗੇਟ ਬਣਾਉਣ ਦਾ ਐਸਟੀਮੇਟ ਵੀ ਪਾਸ ਕੀਤਾ ਗਿਆ ਸੀ ਪਰ 27 ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ. ਕੰਮ ਸ਼ੁਰੂ ਨਹੀਂ ਕੀਤਾ ਗਿਆ ਸੀ। ਕਸ਼ਮੀਰ ਸਿੰਘ ਕਾਕੂ, ਸਤਨਾਮ ਸਿੰਘ ਨਾਮੂ, ਸਵਰਨ ਸਿੰਘ ਆਦਿ ਨੇ ਕਿਹਾ ਕਿ ਹਲਕਾ ਵਿਧਾਇਕ ਦੇ ਕਹਿਣ ਦੇ ਬਾਵਜੂਦ ਨਿਗਮ ਵੱਲੋਂ ਟੈਂਡਰ ਪਾਸ ਕਿਉਂ ਨਹੀਂ ਕੀਤਾ ਗਿਆ। ਇਸ ਸਬੰਧੀ ਹਲਕਾ ਵਿਧਾਇਕ ਨੂੰ ਕਈ ਵਾਰ ਜਾਣੂ ਕਰਵਾਇਆ ਗਿਆ ਪਰ ਕੰਮ ਸ਼ੁਰੂ ਨਹੀਂ ਹੋ ਸਕਿਆ। ਲੋਕਾਂ ਨੇ ਹਲਕਾ ਵਿਧਾਇਕ ਅਤੇ ਨਿਗਮ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸ਼ਮਸ਼ਾਨਘਾਟ ਦੇ ਵਿਕਾਸ ਅਤੇ ਗੇਟ ਦੀ ਉਸਾਰੀ ਸ਼ੁਰੂ ਕਰਨ ਵਿੱਚ ਹੋ ਰਹੀ ਦੇਰੀ ਦੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਕੰਮ ਨੂੰ ਜਲਦੀ ਸ਼ੁਰੂ ਕਰਵਾਇਆ ਜਾਵੇ ਐਸ.ਡੀ.ਓ ਗੁਰਪਾਲ ਸਿੰਘ ਨੇ ਕਿਹਾ ਕਿ ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਜੇਕਰ ਅਜਿਹਾ ਹੋਇਆ ਹੈ ਤਾਂ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਐੱਸ.ਐੱਸ.ਪੀ ਅੰਮ੍ਰਿਤਸਰ ਦਿਹਾਤੀ ਨੇ ਥਾਣਾ ਮਹਿਤਾ ਦਾ ਕੀਤਾ ਨਿਰੀਖਣ



ਚੌਂਕ ਮਹਿਤਾ, 11ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)-ਐੱਸ.ਐੱਸ.ਪੀ ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਆਈ.ਪੀ.ਐੱਸ. ਨੇ ਅੱਜ ਥਾਣਾ ਮਹਿਤਾ ਵਿਖੇ ਇੱਕ ਗੈਰ ਰਸਮੀ ਨਿਰੀਖਣ ਕੀਤਾ ਤੇ ਥਾਣੇ ਦੀਆਂ ਸਥਿਤੀਆਂ ਦਾ ਜਾਇਜ਼ਾ ਲੈਂਦੇ ਹੋਏ ਸਥਾਨਕ ਅਪਰਾਧ ਮੁੱਦਿਆਂ ਨੂੰ ਹੱਲ ਕੀਤਾ।ਤੇ ਕਿਹਾ ਕਿ ਸ਼ਰਾਰਤੀ ਅਨਸਰਾਂ ਤੇ ਪੂਰੀ ਸਖ਼ਤੀ ਕੀਤੀ ਜਾਵੇ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਐਸ.ਐੱਚ.ਓ. ਅਜੈਪਾਲ ਸਿੰਘ ਦੀ ਅਗਵਾਈ ਹੇਠ ਸਮੁੱਚੀ ਪੁਲਸ ਟੀਮ ਨੂੰ ਸੁਤੰਤਰਤਾ ਦਿਵਸ ਦੀ ਸੁਰੱਖਿਆ ਯੋਜਨਾਵਾਂ ਦੀ ਸਮੀਖਿਆ ਕਰਦੇ ਹੋਏ ਪੂਰੀ ਤਰ੍ਹਾਂ ਨਾਲ ਜਾਂਚ ਕਰਨ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ 'ਤੇ ਧਿਆਨ ਦੇਣ ਦੀ ਤਾਕੀਦ ਕੀਤੀ ਗਈ।

### ਰਿਜਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਪੰਜਾਬ

# ਐਕਸ਼ਨ ਕਮੇਟੀ ਪੰਜਾਬ ਵੱਲੋਂ ਧੂਰੀ ਵਿਖੇ ਧਰਨਾ ਦਿੱਤਾ ਗਿਆ




ਧੂਰੀ ( ਰਣਜੀਤ ਸਿੰਘ ਪੇਧਨੀ ) ਐਤਵਾਰ ਨੂੰ ਕੱਕੜਵਾਲ ਚੌਂਕ ਧੂਰੀ ਵਿਖੇ ਰਿਜਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਪੰਜਾਬ, ਐਕਸ਼ਨ ਕਮੇਟੀ ਪੰਜਾਬ ਅਤੇ ਐਸ ਸੀ, ਬੀ ਸੀ ਜਥੇਬੰਦੀਆਂ ਵੱਲੋਂ ਕੱਕੜਵਾਲ ਚੌਂਕ ਧੂਰੀ ਵਿਖੇ ਪੰਜਾਬ ਪੱਧਰੀ ਧਰਨਾ ਲਗਾਇਆ ਗਿਆ।ਇਸ ਧਰਨੇ ਵਿੱਚ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚ੍ਹੇ ਇਸ ਧਰਨੇ ਵਿੱਚ ਪ੍ਰੋਫ਼ੈਸ਼ਰ ਹਰਨੇਕ ਸਿੰਘ ਪ੍ਰਧਾਨ ਰਿਜਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਪੰਜਾਬ ਨੇ ਬੋਲਦਿਆਂ ਕਿਹਾ ਕਿ ਪੰਜਾਬ ਅੰਦਰ ਬਹੁਤ ਸਾਰੇ ਲੋਕ ਐਸ ਸੀ ਅਤੇ ਬੀ ਸੀ ਸਮਾਜ ਦੇ ਜਾਅਲੀ ਜਾਤੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਕਰ ਰਹੇ ਹਨ ਅਤੇ ਕਰ ਚੁੱਕੇ ਹਨ।ਕਈਆਂ ਦੇ ਜਾਅਲੀ ਜਾਤੀ ਸਰਟੀਫਿਕੇਟ ਰੱਦ ਹੋ ਚੁੱਕੇ ਹਨ।ਇਸ ਦੇ ਬਾਵਜੂਦ ਵੀ ਪੰਜਾਬ ਸਰਕਾਰ ਨੇ ਜਾਅਲੀ ਜਾਤੀ ਸਰਟੀਫਿਕੇਟ ਧਾਰਕਾਂ ਤੇ ਕਾਰਵਾਈ ਕਰਕੇ ਉਹਨਾਂ ਨੂੰ ਨੌਕਰੀਆਂ ਤੋਂ ਬਰਖਾਸਤ ਨਹੀਂ ਕੀਤਾ, ਜਿਸ ਦੇ ਕਾਰਨ ਪੰਜਾਬ ਦੇ ਸਮੁੱਚੇ ਐਸ ਸੀ ਅਤੇ ਬੀ ਸੀ ਭਾਈਚਾਰੇ ਵਿੱਚ ਰੋਸ ਹੈ। ਪੰਜਾਬ ਸਰਕਾਰ ਜਾਅਲੀ ਜਾਤੀ ਸਰਟੀਫਿਕੇਟ ਧਾਰਕਾਂ ਤੇ ਕਾਨੂੰਨੀ ਕਾਰਵਾਈ ਕਰੇ।ਵਿੱਕੀ ਪਰੋਚਾ ਧੂਰੀ ਕੌਮੀ ਪ੍ਰਧਾਨ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਐਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾ ਕੇ ਅਤੇ ਉਹਨਾਂ ਦੇ ਦੌਰਿਆਂ ਤੇ ਪਾਬੰਦੀ ਲਾ ਕੇ ਕਮਿਸ਼ਨ ਨੂੰ ਕਮਜੋਰ ਕੀਤਾ ਹੈ, ਜਿਸ ਕਾਰਨ ਪੰਜਾਬ ਅੰਦਰ ਐਸ ਸੀ ਭਾਈਚਾਰੇ ਤੇ ਤਸੱਦਦ ਵਧ ਗਏ ਹਨ।ਪੰਜਾਬ ਸਰਕਾਰ ਕਮਿਸ਼ਨ ਨੂੰ ਮਜਬੂਤ ਕਰੇ।ਸਫਾਈ ਸੇਵਕ, ਸੀਵਰਮੈਨ ਅਤੇ ਦਰਜਾ ਚਾਰ ਕਰਮਚਾਰੀਆਂ ਨੂੰ ਪੱਕੇ ਕਰੇ। ਨਰੇਗਾ ਵਿੱਚ ਸਾਲ ਅੰਦਰ 300 ਦਿਨ ਕੰਮ ਮਿਲੇ ਅਤੇ 500/- ਰੁਪਏ ਦਿਹਾੜੀ ਹੋਵੇ।ਮਜਦੂਰਾਂ ਦੀ ਦਿਹਾੜੀ ਘੱਟੋ-ਘੱਟ 800/- ਰੁਪਏ ਹੋਵੇ।ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਟੀਚਿੰਗ ਸਟਾਫ ਵਿੱਚ ਰਿਜਰਵੇਸ਼ਨ ਲਾਗੂ ਹੋਵੇ।ਸਿੱਖਿਆ ਦਾ ਅਧਿਕਾਰ ਕਾਨੂੰਨ 2009 ਪੰਜਾਬ ਅੰਦਰ ਲਾਗੂ ਹੋਵੇ ਜੋ ਕਿ ਪੂਰੇ ਦੇ ਦੇਸ਼ ਵਿੱਚ ਲਾਗੂ ਹੈ।ਵਿਦਿਆਰਥੀਆਂ ਦੀ ਸਕਾਲਰਸਿਪ ਦਾ ਪੈਸਾ ਸਮੇਂ ਤੇ ਦਿੱਤਾ ਜਾਵੇ ਤਾਂ ਕਿ ਉਹਨਾਂ ਦੀ ਪੜ੍ਹਾਈ ਦਾ ਨੁਕਸਾਨ ਨਾਂ ਹੋਵੇ।ਇਸ ਮੌਕੇ ਜਥੇਬੰਦੀਆਂ ਦੇ ਆਗੂਆਂ,ਸੰਤ ਸਮਾਜ ਦੇ ਆਗੂਆਂ ਨੇ ਵੀ ਇਹਨਾਂ ਮੁੱਦਿਆਂ ਦਾ ਹੱਲ ਕਰਨ ਦੀ ਪੰਜਾਬ ਸਰਕਾਰ ਨੂੰ ਮੰਗ ਰੱਖੀ।ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਇਹਨਾਂ ਮੁੱਦਿਆਂ ਦਾ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਸਖਤ ਫੈਸਲੇ ਲਏ ਜਾਣਗੇ।ਇਸ ਮੌਕੇ ਬਾਬਾ ਨਛੱਤਰ ਨਾਥ ਜੀ ਵਾਲਮੀਕਿ ਤੀਰਥ ਅੰਮ੍ਰਿਤਸਰ,ਇੰਜਨੀਅਰ ਗੁਰਬਖਸ਼ ਸਿੰਘ ਅੰਮ੍ਰਿਤਸਰ,ਪ੍ਰਿੰਸੀਪਲ ਸਰਬਜੀਤ ਸਿੰਘ ਮੋਹਾਲੀ,ਬਾਬਾ ਬਲਵੀਰ ਸਿੰਘ ਚੀਮਾ,ਸੁਖਮੰਦਰ ਸਿੰਘ ਗੱਜਣਵਾਲਾ, ਕਿਰਨਜੀਤ ਗਹਿਰੀ ਬਠਿੰਡਾ,ਲੈਫਟੀਨੈਂਟ ਦਰਸ਼ਨ ਸਿੰਘ, ਬਨੀ ਖਹਿਰਾ ਨਾਭਾ, ਭਗਵੰਤ ਸਿੰਘ ਸਮਾਓ, ਜਗਮੋਹਣ ਸਿੰਘ ਪਟਿਆਲਾ, ਡਾਕਟਰ ਦਲਜੀਤ ਸਿੰਘ ਰਾਮਪੁਰਾ,ਸੁਨੀਲ ਕੁਮਾਰ ਫਤਿਹਗੜ੍ਹ ਸਾਹਿਬ, ਬਿੰਦਰਪਾਲ ਫੂਲ, ਦੀਦਾਰ ਸਿੰਘ ਮੋਹਾਲੀ, ਅਜੇ ਪਰੋਚਾ, ਹੈਪੀ ਲੰਕੇਸ, ਬੱਬੂ, ਰਾਜਿੰਦਰ, ਵਿੱਕੀ ਅਤੇ ਹੋਰ ਮੈਂਬਰ ਹਾਜਿਰ ਸਨ।

### ਆਜ਼ਾਦੀ ਦਿਵਸ ਦੀ ਥਾਂ 'ਤੇ

# ਗੁਲਾਮੀ ਦਿਵਸ ਮਨਾਉਣਗੀਆਂ ਫਿਰੋਜ਼ਪੁਰ ਦੀਆਂ ਸਿੱਖ ਜਥੇਬੰਦੀਆਂ



**ਫਿਰੋਜ਼ਪੁਰ, 11 ਅਗਸਤ (ਮਨੋਹਰ)**-ਫਿਰੋਜ਼ਪੁਰ ਦੀਆਂ ਸਮੁੱਚੀਆਂ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਇੰਟਰਨੈਸ਼ਨਲ ਪੰਥਕ ਦਲ, ਏਕ ਨੂਰ ਖਾਲਸਾ ਫੌਜ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਸ਼ਾਮਲ ਸਨ ਦੀ ਇਕੱਤਰਤਾ ਅੱਜ ਫਿਰੋਜ਼ਪੁਰ ਵਿਖੇ ਹੋਈ ਅਤੇ 15 ਅਗਸਤ ਨੂੰ ਆ ਰਹੇ ਆਜ਼ਾਦੀ ਦਿਵਸ ਬਾਰੇ ਖੁੱਲ ਕੇ ਵਿਚਾਰ ਵਟਾਂਦਰਾ ਹੋਇਆ।ਆਗੂਆਂ ਵੱਲੋਂ ਇਹ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਵਾਰ ਵੀ 15 ਅਗਸਤ ਨੂੰ ਉਹ ਆਜ਼ਾਦੀ ਦਿਵਸ ਨਹੀਂ ਮਨਾਉਣਗੇ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ, ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆ, ਏਕਨੂਰ ਖਾਲਸਾ ਫੌਜ ਦੇ ਲਖਬੀਰ ਸਿੰਘ ਨੰਬਰਦਾਰ ਅਤੇ ਸਤਿਕਾਰ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਉਸ ਦਿਨ ਸ਼ਹਿਰ ਦੇ ਊਧਮ ਸਿੰਘ ਚੌਕ ਵਿਖੇ ਸਵੇਰੇ 10 ਵਜੇ ਤੋਂ ਲੈ ਕੇ 11 ਵਜੇ ਤੱਕ ਇਕ ਘੰਟਾ ਰੋਸ ਪ੍ਰਦਰਸ਼ਨ ਕਰ ਸਰਕਾਰਾਂ ਨੂੰ ਸਿਰਾਂ ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਅਹਿਸਾਸ ਕਰਵਾਇਆ ਜਾਵੇਗਾ ਕਿ ਸਿੱਖ ਕੌਮ ਅਜੇ ਵੀ ਗੁਲਾਮੀ ਦੇ ਦੌਰ ਵਿਚੋਂ ਲੰਘ ਰਹੀ ਹੈ। ਦੇਸ਼ ਵਿਚ ਸਿੱਖ ਕੌਮ ਨਾਲ ਕਾਨੂੰਨ ਅਨੁਸਾਰ ਹੀ ਵਿਤਕਰਾ ਹੋ ਰਿਹਾ ਹੈ ਅਤੇ ਦੋਹਰੇ ਮਾਪ ਦੰਡ ਵਰਤੇ ਜਾ ਰਹੇ ਹਨ, ਜਿਸ ਅਨੁਸਾਰ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨ ਜੋ ਆਪਣੀਆਂ ਬਣਦੀਆਂ ਸਜ਼ਾਵਾ ਤੋਂ ਕਿਤੇ ਵੱਧ ਸਜ਼ਾਵਾਂ ਕੱਟ ਚੁੱਕੇ ਹਨ ਨੂੰ ਰਿਹਾਅ ਨਾ ਕਰਨਾ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਤਜਿੰਦਰਪਾਲ ਸਿੰਘ ਟਿੰਮਾ ਤੇ ਗੈਰ ਕਾਨੂੰਨੀ ਢੰਗ ਨਾਲ ਐੱਨਐੱਸਏ ਲਗਾਉਣਾ ਵਿਤਕਰੇ ਅਤੇ ਧੱਕੇਸ਼ਾਹੀ ਦੀ ਮੂੰਹ ਬੋਲਦੀ ਤਸਵੀਰ ਕਹੀ ਜਾ ਸਕਦੀ ਹੈ। ਆਗੂਆਂ ਨੇ ਸਪਸ਼ਟ ਕੀਤਾ ਕਿ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਤੱਕ ਅਤੇ ਸਿੱਖ ਕੌਮ ਨਾਲ ਵਿਤਕਰੇ ਬਾਜੀ ਬੰਦ ਹੋਣ ਤੱਕ ਉਹ ਅਜ਼ਾਦੀ ਦਿਵਸ ਨਹੀਂ ਮਨਾਉਣਗੇ। ਇਸ ਸਮੇਂ ਉਪਰੋਕਤ ਆਗੂਆਂ ਦੇ ਨਾਲ ਜਰਨੈਲ ਸਿੰਘ ਗਾਬੜੀਆ, ਡਾ. ਗੁਰਮੀਤ ਸਿੰਘ ਸਿੱਧੂ, ਸਾਹਿਬ ਸਿੰਘ ਕਾਲਾ ਟਿੱਬਾ, ਸਵਰਨ ਸਿੰਘ ਖਾਲਸਾ, ਗੁਰਨਾਮ ਸਿੰਘ, ਕੁਲਦੀਪ ਸਿੰਘ ਲੋਕੋ, ਡਾ. ਮਨਜੀਤ ਸਿੰਘ, ਸਵਰਨ ਸਿੰਘ ਪੰਜਵੜ੍ਹ, ਕੁਲਦੀਪ ਸਿੰਘ ਨੰਢਾ, ਕੁਲਵੰਤ ਸਿੰਘ ਸਮੇਤ ਹੋਰ ਵੀ ਕਈ ਆਗੂ ਹਾਜ਼ਰ ਸਨ।

**ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਤੱਕ ਆਜ਼ਾਦੀ ਦਿਵਸ ਨਹੀਂ ਮਨਾਵਾਂਗੇ: ਆਗੂ**

# ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹੈ ਫੈਡਰੇਸ਼ਨ ਮਹਿਤਾ ਦਾ ਕਾਫਲਾ

## ਪਿੰਡ ਮਹਾਲਮ ਦੇ ਡੇਢ ਦਰਜਨ ਨੌਜਵਾਨ ਫੈਡਰੇਸ਼ਨ ਮਹਿਤਾ 'ਚ ਹੋਏ ਸ਼ਾਮਲ



**ਫਿਰੋਜ਼ਪੁਰ, 11 ਅਗਸਤ (ਮਨੋਹਰ)**-ਆਪਣੇ ਜਥੇਬੰਧਕ ਪਸਾਰ ਵਿਚ ਤੇਜ਼ੀ ਨਾਲ ਅੱਗੇ ਵੱਧ ਰਹੀ ਸਿੱਖ ਕੌਮ ਦੀ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੂੰ ਅੱਜ ਉਸ ਵੇਲੇ ਹੋਰ ਵੀ ਬਲ ਮਿਲਿਆ, ਜਦ ਇਸ ਜਥੇਬੰਦੀ ਦੇ ਆਗੂਆਂ ਵੱਲੋਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਨਿਭਾਈਆਂ ਜਾ ਰਹੀਆਂ ਅਹਿਮ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮਹਾਲਮ ਦੇ ਕੋਈ ਡੇਢ ਦਰਜਨ ਨੌਜਵਾਨਾਂ ਨੇ ਇਸ ਜਥੇਬੰਦੀ ਵਿਚ ਸ਼ਾਮਲ ਹੋਣ ਦਾ ਐਲਾਣ ਕਰਕੇ ਜਥੇਬੰਦੀ ਦੇ ਆਗੂਆਂ ਨਾਲ ਸੇਵਾਵਾਂ ਕਰਨ ਦਾ ਪ੍ਰਣ ਕੀਤਾ। ਸਮਾਗਮ ਦੌਰਾਨ ਫੈਡਰੇਸ਼ਨ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ, ਕੌਮੀ ਸਕੱਤਰ ਜਰਨੈਲ ਸਿੰਘ ਗਾਬੜੀਆ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਸਿੱਧੂ, ਜ਼ਿਲ੍ਹਾ ਪ੍ਰਧਾਨ ਦਿਹਾਤੀ ਜਸਬੀਰ ਸਿੰਘ ਤੇਗਾ ਸਿੰਘ ਵਾਲਾ ਨੇ ਜਥੇਬੰਦੀ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਨੂੰ ਫੈਡਰੇਸ਼ਨ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਾਉਂਦਿਆਂ ਕੌਮ ਅਤੇ ਧਰਮ ਦੀ ਸੇਵਾ ਕਰਨ ਦੀ ਪ੍ਰੇਰਣਾ ਕੀਤੀ। ਉਪਰੋਕਤ ਆਗੂਆਂ ਨੇ ਨਵੇਂ ਸ਼ਾਮਲ ਹੋਏ ਵਰਕਰਾਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਸਿਰੋਪਾਓ ਦੇ ਕੇ ਇਨ੍ਹਾਂ ਦੀ ਸ਼ਮੂਲੀਅਤ ਦਾ ਐਲਾਣ ਕੀਤਾ। ਨਵੇਂ ਸ਼ਾਮਲ ਹੋਏ ਵਰਕਰਾਂ ਨੇ ਸੀਨੀਅਰ ਆਗੂਆਂ ਨੂੰ ਵਿਸਵਾਸ਼ ਦੁਆਇਆ ਕਿ ਉਹ ਕੌਮ ਅਤੇ ਧਰਮ ਦੀ ਸੇਵਾ ਤੋਂ ਕਦੇ ਪਿੱਛੇ ਨਹੀਂ ਹੱਟਣਗੇ। ਨਵੇਂ ਸ਼ਾਮਲ ਹੋਏ ਵਰਕਰਾਂ ਵਿਚ ਡਾ. ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਸੁਖਪ੍ਰੀਤ ਸਿੰਘ, ਗੁਰਚਰਨ ਸਿੰਘ, ਗੁਰਦੇਵ ਸਿੰਘ, ਸਰਵਨ ਸਿੰਘ, ਗੁਰਨਾਮ ਸਿੰਘ, ਕਾਲਾ ਸਿੰਘ, ਮਣੀ ਸਿੰਘ, ਗੁਰਪ੍ਰੀਤ ਸਿੰਘ, ਲਵਜੀਤ ਸਿੰਘ, ਬਲਕਾਰ ਸਿੰਘ, ਬਲਵੀਰ ਸਿੰਘ ਆਰਿਫ ਕੇ, ਸਾਰਜ ਸਿੰਘ, ਸੁਖਮੰਦਰ ਸਿੰਘ, ਬਲਵੀਰ ਸਿੰਘ ਬੀਰਾ, ਨਰੰਜਣ ਸਿੰਘ, ਸੁਖਦੇਵ ਸਿੰਘ ਆਦਿ ਸ਼ਾਮਲ ਸਨ।

## ਸੀਨੀਅਰ ਪੱਤਰਕਾਰ ਮਦਨ ਲਾਲ ਤਿਵਾੜੀ ਦੀ ਸਕੂਟਰੀ ਤੋਂ ਪੈਰ ਫਿਸਲਣ ਕਰਦੇ ਪੈਰ ਦੀ ਹੱਡੀ ਟੁੱਟ ਗਈ ਸੀ, ਇਕ ਸਾਲ ਬਾਅਦ ਬਾਕਰ ਨਾਲ ਘਰੋਂ ਨਿਕਲੇ

**ਫਿਰੋਜ਼ਪੁਰ, 11 ਅਗਸਤ (ਮਨੋਹਰ)**-ਸੀਨੀਅਰ ਪੱਤਰਕਾਰ ਮਦਨ ਲਾਲ ਤਿਵਾੜੀ ਦਾ ਜੋ ਕਿ ਆਪਣੀ ਸਕੂਟਰੀ ਤੇ ਦਿੱਲੀ ਗੇਟ ਵਿਖੇ ਜਾ ਰਹੇ ਸੀ ਤਾਂ ਬੱਜਰੀ ਨਾਲ ਸਕੂਟਰੀ ਸਲਿੱਪ ਹੋਣ ਕਰਕੇ ਉਸ ਦੀ ਪੈਰ ਦੀ ਹੱਡੀ ਟੁੱਟ ਗਈ ਤੇ ਉਨ੍ਹਾਂ ਦਾ ਦੋ ਵਾਰੀ ਹੱਡੀ ਦਾ ਅਪਰੇਸ਼ਨ ਹੋਇਆ, ਹੁਣ ਠੀਕ ਹਨ ਅਤੇ ਇਕ ਸਾਲ ਬਾਅਦ ਆਪਣੇ ਸਾਥੀਆਂ ਨੂੰ ਮਿਲਣ ਆਏ ਅਤੇ ਉਨ੍ਹਾਂ ਗੋਲੇ ਚਾਹ ਵਾਲੀ ਦੁਕਾਨ ਤੇ ਸਾਰਿਆਂ ਲਾਲ ਮਿਲ ਬੈਠ ਕੇ ਚਾਹ ਪੀਤੀ। ਇਸ ਮੌਕੇ ਡਾ. ਦੀਵਾਨ ਚੰਦ ਸੁਖੀਜਾ, ਮਨੋਹਰ ਲਾਲ ਪੱਤਰਕਾਰ, ਰਮੇਸ਼ ਸ਼ਰਮਾ ਜਨਰਲ ਸਕੱਤਰ ਇਨਸਾਨੀਅਤ ਸੇਵਾ ਦਲ, ਸੁਸ਼ੀਲ ਸ਼ਰਮਾ ਰਿਟਾਇਰਡ ਐੱਸਡੀਓ ਨਹਿਰੀ ਮਹਿਕਮਾ, ਚੇਅਰਮੈਨ ਮਾਈ ਭੋਲੀ ਸੇਵਾ ਦਲ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਮਦਨ ਲਾਲ ਤਿਵਾੜੀ ਨੂੰ ਆਪਣੇ ਪੈਰਾਂ ਤੇ ਕੀਤਾ ਤਾਂ ਜੋ ਉਹ ਪੱਤਰਕਾਰਤਾ ਦੇ ਨਾਲ ਨਾਲ ਲੋਕ ਸੇਵਾ ਕਰ ਸਕਣ।



## ਗੁਰੂ ਰਾਮਦਾਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਚੰਦਰ ਮੋਹਨੀ ਨੂੰ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ

ਫਿਰੋਜ਼ਪੁਰ 11 ਅਗਸਤ (ਮਨੋਹਰ):ਅੱਜ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿੱਚ ਕਰੀਬ 29 ਸਾਲ ਸ਼ਾਨਦਾਰ ਸੇਵਾਵਾਂ ਨਿਭਾਉਣ ਤੋਂ ਬਾਅਦ ਸੇਵਾ ਮੁਕਤ ਹੋਏ ਪ੍ਰਿੰਸੀਪਲ ਚੰਦਰ ਮੋਹਨੀ ਨੂੰ ਸਕੂਲ ਦੇ ਚੇਅਰਮੈਨ ਭਗਤ ਬਾਬਾ ਮਿਲਖਾ ਸਿੰਘ, ਸਕੂਲ ਮੈਨਜਮੈਂਟ ਕਮੇਟੀ ਅਤੇ ਸਮੂਹ ਸਕੂਲ ਸਟਾਫ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਚੇਅਰਮੈਨ ਭਗਤ ਬਾਬਾ ਮਿਲਖਾ ਸਿੰਘ ਕਿਹਾ ਕਿ ਪ੍ਰਿੰਸੀਪਲ ਚੰਦਰ ਮੋਹਨੀ ਇਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਹਨ ਜਿੰਨੇ ਨੇ ਸਕੂਲ ਅਤੇ ਵਿਦਿਆਰਥੀਆਂ ਦੀ ਭਲਾਈ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਨੇ ਆਪਣੇ ਡਿਊਟੀ ਦੌਰਾਨ ਸਕੂਲ ਦੀਆਂ ਹਰੇਕ ਗਤੀਵਿਧੀਆਂ ਵਿੱਚ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਵੀ ਦਿੱਤੀਆਂ ਹਨ। ਇਸ ਮੌਕੇ ਸਕੂਲ ਦੇ ਮੈਨੇਜਰ ਇੰਦਰਪਾਲ ਸਿੰਘ ਨੇ ਕਿਹਾ ਕਿ ਸਕੂਲ ਦੀ ਤੱਰਕੀ ਵਿਚ ਪ੍ਰਿੰਸੀਪਲ ਚੰਦਰ ਮੋਹਨੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਆਪਣੀ ਡਿਊਟੀ ਸਾਲ 1995 ਤੋ ਸ਼ੁਰੂ ਕੀਤੀ ਅਤੇ ਸਕੂਲ ਨੂੰ ਉੱਚ ਬੁਲੰਦੀਆਂ ਉੱਤੇ ਪਹੁੰਚਾਇਆ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਵਲੋਂ ਚੰਦਰ ਮੋਹਨੀ ਨੂੰ ਤੋਹਫੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਧਰਮ ਯੁੱਧ ਮੋਰਚੇ ਦੌਰਾਨ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੰਗਤ ਮਾਨਣ ਵਾਲੀ ਪੰਥ ਪ੍ਰਸਤ ਸ਼ਖ਼ਸੀਅਤ ਭਾਈ ਪਰਮਜੀਤ ਸਿੰਘ ਖ਼ਾਲਸਾ (ਲੁਧਿਆਣਾ) ਦੇ ਅਕਾਲ ਚਲਾਣਾ ਕਰ ਜਾਣ ਦੀ ਸੂਚਨਾ ਬੇਹੱਦ ਦੁੱਖਦਾਈ ਹੈ। ਭਾਈ ਪਰਮਜੀਤ ਸਿੰਘ ਖ਼ਾਲਸਾ ਹਮੇਸ਼ਾ ਪੰਥ ਦੀ ਚੜ੍ਹਦੀਕਲਾ ਅਤੇ ਏਕਤਾ ਦੇ ਹਾਮੀ ਰਹੇ ਹਨ। ਉਨ੍ਹਾਂ ਵਰਗੀ ਪੰਥ ਪ੍ਰਸਤ ਸ਼ਖ਼ਸੀਅਤ ਦਾ ਸਰੀਰਕ ਵਿਛੋੜਾ ਨਾ-ਸਿਰਫ ਪਰਿਵਾਰ ਸਗੋਂ ਪੰਥ ਲਈ ਵੱਡਾ ਘਾਟਾ ਹੈ। ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਭਾਈ ਖ਼ਾਲਸਾ ਦੀ ਰੂਹ ਨੂੰ ਆਪਣੇ ਚਰਨਾਂ ਦੇ ਵਿਚ ਨਿਵਾਸ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਿਸ਼ ਕਰਨਾ



ਭਾਈ ਪਰਮਜੀਤ ਸਿੰਘ ਖ਼ਾਲਸਾ



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ

ਆਵਾਜ਼ਿ ਕੌਮ AWAZE QAUM International Newspaper & WEB TV



ਜਥੇਦਾਰ ਭਾਈ ਸੁਖਦੇਵ ਸਿੰਘ

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




# ਓਲੰਪਿਕ 'ਚ ਕਾਂਸੇ ਦਾ ਤ਼ਗ਼ਮਾ ਜਿੱਤਣ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਭਾਰਤੀ ਹਾਕੀ ਟੀਮ ਦੇ ਖਿਡਾਰੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕੀਤਾ ਸਨਮਾਨਿਤ

ਨਵੀਂ ਦਿੱਲੀ, 11 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਪੈਰਿਸ ਓਲੰਪਿਕ 2024 ਵਿੱਚ ਕਾਂਸੇ ਦਾ ਤ਼ਗਮਾ ਜਿੱਤ ਕੇ ਦੇਸ਼ ਵਾਪਸ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਿਹਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਤੇ ਫ਼ਖਰ ਵਾਲੀ ਗੱਲ ਹੈ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪੈਰਿਸ ਓਲੰਪਿਕ ਵਿੱਚ ਕਾਂਸੇ ਦਾ ਤ਼ਗਮਾ ਜਿੱਤਣਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਉਨ੍ਹਾਂ ਹਾਕੀ ਖਿਡਾਰੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਟੀਮ ਵਿੱਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ। ਐਡਵੋਕੇਟ ਧਾਮੀ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦੇਸ਼ ਦੀ ਹਾਕੀ ਟੀਮ ਵਿੱਚ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਤੋਂ ਉਹ ਪ੍ਰੇਰਣਾ ਲੈਣ ਅਤੇ ਖੇਡਾਂ ਵਿੱਚ ਅੱਗੇ ਆਉਣ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹਮੇਸ਼ਾ ਖਿਡਾਰੀਆਂ ਨੂੰ ਉਤਸ਼ਾਹਤ ਕਰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਤੇ ਸਿੱਖਾਂ ਦਾ ਮਾਣ ਵਧਾਉਣ ਵਾਲੇ ਨੌਜਵਾਨਾਂ ਦੀ ਹੌਸਲਾ ਅਫਜਾਈ ਕੀਤੀ ਜਾਂਦੀ ਰਹੇਗੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਭਾਰਤੀ ਹਾਕੀ ਟੀਮ ਲਈ ਖੇਡੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਦਾ ਜ਼ਿਕਰ ਕਰਦਿਆਂ ਸਿੱਖ ਪਰਿਵਾਰਾਂ ਨਾਲ ਸਬੰਧਤ ਖਿਡਾਰੀਆਂ ਨੂੰ ਆਪਣੇ ਸਿੱਖੀ ਸਰੂਪ ਬਰਕਰਾਰ ਰੱਖਣ ਦੀ ਪ੍ਰੇਰਣਾ ਵੀ ਕੀਤੀ। ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਹਾਕੀ ਟੀਮ ਦੇ ਕਪਤਾਨ ਸ. ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਅੱਜ ਟੀਮ ਦੇ ਖਿਡਾਰੀਆਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਡਭਾਗਾ ਮਹਿਸੂਸ ਕਰਦੇ ਹਨ। ਉਨ੍ਹਾਂ ਕਿ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਹੀ ਟੀਮ ਵੱਲੋਂ ਇਹ ਪ੍ਰਾਪਤੀ ਸੰਭਵ ਹੋ ਸਕੀ ਹੈ ਅਤੇ ਉਨ੍ਹਾਂ ਟੀਮ ਲਈ ਭਵਿੱਖ ਅੰਦਰ ਹੋਰ ਬਿਹਤਰ ਪ੍ਰਦਰਸ਼ਨ ਦੀ ਅਰਦਾਸ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਤਿਕਾਰ ਤੇ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਸ਼ਾਹਬਾਜ਼ ਸਿੰਘ, ਸ. ਹਰਭਜਨ ਸਿੰਘ ਵਕਤਾ, ਸੁਪ੍ਰਡੰਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਸ. ਰਜਿੰਦਰ ਸਿੰਘ ਰੂਬੀ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਸ. ਰਣਧੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਹਾਕੀ ਕੋਚ ਸ. ਗੁਰਮੀਤ ਸਿੰਘ ਆਦਿ ਹਾਜ਼ਰ ਸਨ।



## 'ਅਮਰੀਕਾ ਨੇ ਮੈਨੂੰ ਸੱਤਾ ਤੋਂ ਕਰਵਾਇਆ ਲਾਂਭੇ ...', ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੱਸਿਆ ਇਹ ਕਾਰਨ

**ਨਵੀਂ ਦਿੱਲੀ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਅਮਰੀਕਾ 'ਤੇ ਵੱਡਾ ਇਲਜ਼ਾਮ ਲਗਾਇਆ ਹੈ। ਸ਼ੇਖ ਹਸੀਨਾ, ਜੋ ਇਸ ਸਮੇਂ



ਭਾਰਤ ਵਿੱਚ ਰਹਿ ਰਹੀ ਹੈ, ਦਾ ਕਹਿਣਾ ਹੈ ਕਿ ਅਮਰੀਕਾ ਨੇ ਉਨ੍ਹਾਂ ਨੂੰ ਸੱਤਾ ਤੋਂ ਬੇਦਖਲ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਸੇਂਟ ਮਾਰਟਿਨ ਟਾਪੂ ਨੂੰ ਨਹੀਂ ਸੌਂਪਿਆ ਸੀ। ਸ਼ੇਖ ਹਸੀਨਾ ਦਾ ਕਹਿਣਾ ਹੈ ਕਿ ਸੇਂਟ ਮਾਰਟਿਨ ਟਾਪੂ ਮਿਲਣ ਤੋਂ ਬਾਅਦ ਬੰਗਾਲ ਦੀ ਖਾੜੀ 'ਤੇ ਅਮਰੀਕਾ ਦਾ ਪ੍ਰਭਾਵ ਵਧੇਗਾ।ਸ਼ੇਖ ਹਸੀਨਾ ਨੇ ਆਪਣੇ ਸੰਦੇਸ਼ 'ਚ ਬੰਗਲਾਦੇਸ਼ੀ ਨਾਗਰਿਕਾਂ ਨੂੰ ਕੱਟੜਪੰਥੀਆਂ ਤੋਂ ਗੁੰਮਰਾਹ ਨਾ ਹੋਣ ਦੀ ਚਿਤਾਵਨੀ ਦਿੱਤੀ ਹੈ।ਆਪਣੇ ਕਰੀਬੀ ਸਹਿਯੋਗੀਆਂ ਰਾਹੀਂ ਭੇਜੇ ਗਏ ਅਤੇ ਈਟੀ ਨੂੰ ਉਪਲਬਧ ਕਰਵਾਏ ਗਏ ਸੰਦੇਸ਼ਾਂ ਵਿੱਚ, ਸ਼ੇਖ ਹਸੀਨਾ ਨੇ ਕਿਹਾ, "ਮੈਂ ਅਸਤੀਫਾ ਇਸ ਲਈ ਦਿੱਤਾ ਹੈ ਕਿ ਮੈਨੂੰ ਲਾਸ਼ਾਂ ਦਾ ਜਲੂਸ ਨਾ ਦੇਖਣਾ ਪਵੇ। ਉਹ ਵਿਦਿਆਰਥੀਆਂ ਦੀਆਂ ਲਾਸ਼ਾਂ 'ਤੇ ਸੱਤਾ ਵਿੱਚ ਆਉਣਾ ਚਾਹੁੰਦੇ ਸਨ, ਪਰ ਮੈਂ ਅਜਿਹਾ ਨਹੀਂ ਹੋਣ ਦਿੱਤਾ, ਮੈਂ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਹਸੀਨਾ ਨੇ ਅੱਗੇ ਕਿਹਾ, "ਜੇ ਮੈਂ ਸੇਂਟ ਮਾਰਟਿਨ ਟਾਪੂ ਦੀ ਪ੍ਰਭੂਸੱਤਾ ਛੱਡ ਦਿੱਤੀ ਹੁੰਦੀ ਅਤੇ ਅਮਰੀਕਾ ਨੂੰ ਬੰਗਾਲ ਦੀ ਖਾੜੀ 'ਤੇ ਪ੍ਰਭਾਵ ਪਾਉਣ ਦੀ ਇਜਾਜ਼ਤ ਦਿੱਤੀ ਹੁੰਦੀ ਤਾਂ ਮੈਂ ਸੱਤਾ 'ਚ ਰਹਿ ਸਕਦੀ ਸੀ। ਮੈਂ ਆਪਣੇ ਦੇਸ਼ ਦੇ ਲੋਕਾਂ ਨੂੰ ਬੇਨਤੀ ਕਰਦੀ ਹਾਂ, ਕ੍ਰਿਪਾ ਕਰਕੇ ਕੱਟੜਪੰਥੀਆਂ ਦੇ ਭੁਲੇਖੇ ਵਿੱਚ ਨਾ ਪਓ।" ਸ਼ੇਖ ਹਸੀਨਾ ਅੱਗੇ ਕਹਿੰਦੀ ਹੈ, "ਜੇ ਮੈਂ ਦੇਸ਼ ਵਿੱਚ ਰਹਿੰਦੀ, ਤਾਂ ਹੋਰ ਜਾਨਾਂ ਚਲੀਆਂ ਜਾਂਦੀਆਂ, ਅਤੇ ਹੋਰ ਸਾਧਨ ਤਬਾਹ ਹੋ ਜਾਂਦੇ। ਮੈਂ ਛੱਡਣ ਦਾ ਬਹੁਤ ਮੁਸ਼ਕਲ ਫੈਸਲਾ ਲਿਆ। ਮੈਂ ਤੁਹਾਡੀ ਨੇਤਾ ਬਣੀ, ਕਿਉਂਕਿ ਤੁਸੀਂ ਮੈਨੂੰ ਚੁਣਿਆ, ਤੁਸੀਂ ਹੋ। ਮੇਰੀ ਤਾਕਤ ਇਹ ਖ਼ਬਰ ਸੁਣ ਕੇ ਹੰਝੂਆਂ ਨਾਲ ਭਰ ਗਈ ਹੈ ਕਿ ਬਹੁਤ ਸਾਰੇ ਨੇਤਾਵਾਂ ਦੇ ਕਤਲ ਕੀਤੇ ਗਏ ਹਨ, ਵਰਕਰਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਘਰਾਂ ਨੂੰ ਤੋੜੇ ਗਏ ਹਨ ਅਤੇ ਅੱਗ ਲਗਾਈ ਗਈ ਹੈ... ਸਰਵਸ਼ਕਤੀਮਾਨ ਅੱਲ੍ਹਾ ਦੀ ਕਿਰਪਾ ਨਾਲ ਮੈਂ ਜਲਦੀ ਹੀ ਵਾਪਸ ਆਵਾਂਗੀ। ਸ਼ੇਖ ਹਸੀਨਾ ਨੇ ਅੱਗੇ ਕਿਹਾ ਹੈ ਕਿ ਅਵਾਮੀ ਲੀਗ ਨੇ ਵਾਰ-ਵਾਰ ਆਪਣੀ ਆਵਾਜ਼ ਉਠਾਈ ਹੈ। "ਮੈਂ ਹਮੇਸ਼ਾ ਬੰਗਲਾਦੇਸ਼ ਦੇ ਭਵਿੱਖ ਲਈ ਪ੍ਰਾਰਥਨਾ ਕਰਾਂਗੀ, ਜਿਸ ਦੇਸ਼ ਲਈ ਮੇਰੇ ਮਹਾਨ ਪਿਤਾ ਲੜੇ... ਉਹ ਦੇਸ਼ ਜਿਸ ਲਈ ਮੇਰੇ ਪਿਤਾ ਅਤੇ ਪਰਿਵਾਰ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।" ਰਿਜ਼ਰਵੇਸ਼ਨ ਅੰਦੋਲਨ ਅਤੇ ਵਿਦਿਆਰਥੀ ਪ੍ਰਦਰਸ਼ਨਾਂ ਦਾ ਜ਼ਿਕਰ ਕਰਦੇ ਹੋਏ ਹਸੀਨਾ ਨੇ ਕਿਹਾ, "ਮੈਂ ਬੰਗਲਾਦੇਸ਼ ਦੇ ਨੌਜਵਾਨ ਵਿਦਿਆਰਥੀਆਂ ਨੂੰ ਦੁਹਰਾਉਣਾ ਚਾਹਾਂਗੀ ਕਿ ਮੈਂ ਤੁਹਾਨੂੰ ਕਦੇ ਵੀ ਰਜ਼ਾਕਾਰ ਨਹੀਂ ਕਿਹਾ... ਪਰ ਤੁਹਾਨੂੰ ਭੜਕਾਉਣ ਲਈ ਮੇਰੇ ਸ਼ਬਦਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ। ਮੈਂ ਤੁਹਾਨੂੰ ਦੁਹਰਾਉਣਾ ਚਾਹਾਂਗੀ ਕਿ "ਮੈਂ ਤੁਹਾਨੂੰ ਦਿਨ ਦੀ ਪੂਰੀ ਵੀਡੀਓ ਦੇਖਣ ਦੀ ਬੇਨਤੀ ਕਰਦੀ ਹਾਂ। ਸਾਜ਼ਿਸ਼ਕਰਤਾਵਾਂ ਨੇ ਤੁਹਾਡੀ ਬੇਗੁਨਾਹੀ ਦਾ ਫਾਇਦਾ ਉਠਾਇਆ ਹੈ ਅਤੇ ਤੁਹਾਨੂੰ ਦੇਸ਼ ਨੂੰ ਅਸਥਿਰ ਕਰਨ ਲਈ ਵਰਤਿਆ ਹੈ।"

## ਕਬੱਡੀ 'ਤੇ ਹਿੰਸਾ ਦਾ ਸਾਇਆ ! ਬ੍ਰਿਟੇਨ 'ਚ ਕੀਤਾ ਕਾਰਾ, 7 ਪੰਜਾਬੀ ਖਿਡਾਰੀਆਂ ਖਿਲਾਫ ਐਕਸ਼ਨ



**ਲੰਡਨ (ਇੰਗਲੈਂਡ), 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਨਾਲ ਹੀ ਵਿਦੇਸ਼ਾਂ ਵਿੱਚ ਵੀ ਕਬੱਡੀ ਉਪਰ ਹਿੰਸਾ ਦਾ ਸਾਇਆ ਮੰਡਰਾ ਰਿਹਾ ਹੈ। ਵਿਦੇਸ਼ਾਂ ਵਿੱਚ ਲਗਾਤਾਰ ਮਕਬੂਲ ਹੋ ਰਹੀ ਕਬੱਡੀ ਵਿੱਚ ਹਿੰਸਾ ਦੀਆਂ ਲਗਾਤਾਰ ਵਾਰਦਾਤਾਂ ਸਾਹਮਣੇ ਆ ਰਹੀਆਂ ਹਨ। ਅਜਿਹਾ ਹੀ ਮਾਮਲਾ ਇੰਗਲੈਂਡ ਵਿੱਚ ਸਾਹਮਣੇ ਆਇਆ ਸੀ। ਇਸ ਕੇਸ ਵਿੱਚ ਸੱਤ ਭਾਰਤੀ ਖਿਡਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇੰਗਲੈਂਡ ਦੇ ਈਸਟ ਮਿਡਲੈਂਡਜ਼ ਦੇ ਡਰਬੀ ਵਿੱਚ ਇੱਕ ਕਬੱਡੀ ਟੂਰਨਾਮੈਂਟ ਵਿੱਚ ਹਿੰਸਕ ਘਟਨਾ ਵਿੱਚ ਸ਼ਾਮਲ ਹੋਣ ਲਈ 24 ਤੋਂ 36 ਸਾਲ ਦੀ ਉਮਰ ਦੇ ਸੱਤ ਭਾਰਤੀ ਮੂਲ ਦੇ ਪੁਰਸ਼ਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਸੱਤ ਭਾਰਤੀ ਮੂਲ ਦੇ ਖਿਡਾਰੀਆਂ ਵਿੱਚੋਂ ਦੋ ਪਰਮਿੰਦਰ ਸਿੰਘ (25) ਤੇ ਮਲਕੀਤ ਸਿੰਘ (24) ਨੂੰ ਹਿੰਸਾ ਕਰਨ ਤੇ ਬੰਦੂਕ ਰੱਖਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਤੋਂ ਇਲਾਵਾ ਭਾਰਤੀ ਮੂਲ ਦੇ ਪੰਜ ਖਿਡਾਰੀਆਂ ਕਰਮਜੀਤ ਸਿੰਘ (36), ਬਲਜੀਤ ਸਿੰਘ (33), ਹਰਦੇਵ ਉੱਪਲ (34), ਜਗਜੀਤ ਸਿੰਘ (31) ਤੇ ਦੁੱਧਨਾਥ ਤ੍ਰਿਪਾਠੀ (30) ਨੂੰ ਤੇਜ਼ਧਾਰ ਹਥਿਆਰ ਰੱਖਣ ਸਮੇਤ ਵੱਖ-ਵੱਖ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ। ਡਰਬੀਸ਼ਾਇਰ ਪੁਲਿਸ ਨੇ ਕਿਹਾ ਕਿ ਪਿਛਲੇ ਸਾਲ ਅਗਸਤ ਵਿੱਚ ਅਲਵਾਸਟਨ ਟੂਰਨਾਮੈਂਟ ਦੌਰਾਨ ਦੋ ਸਮੂਹਾਂ ਵਿੱਚ ਹਿੰਸਾ ਭੜਕ ਗਈ ਸੀ। ਇਸ ਦੇ ਨਤੀਜੇ ਵਜੋਂ ਕਈ ਜ਼ਖ਼ਮੀ ਹੋਏ ਸਨ। ਸਾਰੇ ਸੱਤ ਦੋਸ਼ੀਆਂ ਨੂੰ ਕੁਝ ਦਿਨਾਂ ਬਾਅਦ ਡਰਬੀ ਕਰਾਊਨ ਕੋਰਟ ਵਿੱਚ ਸਜ਼ਾ ਸੁਣਾਈ ਜਾਵੇਗੀ। ਡਿਟੈਕਟਿਵ ਚੀਫ਼ ਇੰਸਪੈਕਟਰ ਮੈਟ ਕਰੂਮ ਨੇ ਇੰਗਲੈਂਡ ਦੇ ਮੀਡੀਆ ਨੂੰ ਦੱਸਿਆ ਕਿ ਇੱਕ ਖੇਡ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਲਈ ਇੱਕ ਸੁਹਾਵਣਾ ਦਿਨ ਹੋਣਾ ਸੀ ਪਰ ਇੱਕ ਵੱਡੀ ਹਿੰਸਕ ਘਟਨਾ ਵਿੱਚ ਬਦਲ ਗਿਆ। ਇਸ ਵਿੱਚ ਕਈ ਲੋਕ ਜ਼ਖਮੀ ਹੋ ਗਏ। ਸਮਾਗਮ ਤੋਂ ਪਹਿਲਾਂ ਬਰਨਸਵਿਕ ਸਟਰੀਟ, ਡਰਬੀ ਵਿੱਚ ਇੱਕ ਸਮੂਹ ਮੀਟਿੰਗ ਕੀਤੀ ਗਈ। ਇਸ ਵਿੱਚ ਇਸ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਤਿਆਰ ਕੀਤੀ ਗਈ।

## ਸੀ. ਬੀ. ਐਸ. ਈ. ਦੀ ਭਰਤੀ ਲਈ ਕਰਵਾਈ ਪ੍ਰੀਖਿਆ 'ਚ ਕੜੇ ਲੁਹਾਉਣ ਦੀ ਪ੍ਰਧਾਨ ਧਾਮੀ ਨੇ ਕੀਤੀ ਨਿੰਦਾ

**ਅੰਮ੍ਰਿਤਸਰ, 11 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀ. ਬੀ. ਐੱਸ. ਈ. ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਕਰਵਾਈ ਗਈ ਪ੍ਰੀਖਿਆ ਦੌਰਾਨ ਚੰਡੀਗੜ੍ਹ ਦੇ ਸੈਕਟਰ 7 ਸਥਿਤ ਨਿੱਜੀ ਸਕੂਲ ਵਿਖੇ ਬਣੇ ਕੇਂਦਰ ਵਿਖੇ ਸਿੱਖ ਉਮੀਦਵਾਰਾਂ ਦੇ ਕੜੇ ਲੁਹਾਉਣ ਦੀ ਹਰਕਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਸੀ. ਬੀ. ਐੱਸ. ਈ. ਦੇ ਅਧਿਕਾਰੀ ਦੇ ਅਹੁਦੇ ਲਈ ਭਰਤੀ ਪ੍ਰੀਖਿਆ ਵਿੱਚ ਸਿੱਖਾਂ ਦੀ ਧਾਰਮਿਕ



ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਇਮਤਿਹਾਨ ਦੇਣ ਗਏ ਉਮੀਦਵਾਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੇਂਦਰ ਵਿੱਚ ਦਾਖ਼ਲੇ ਤੋਂ ਪਹਿਲਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਵੱਲੋਂ ਕੜੇ ਲੁਹਾਉਣ ਦੀ ਇਤਰਾਜ਼ਯੋਗ ਕਾਰਵਾਈ ਕੀਤੀ ਗਈ ਹੈ, ਜੋ ਧਾਰਮਿਕ ਅਜ਼ਾਦੀ ਦੇ ਹੱਕ ਦੀ ਉਲੰਘਣਾ ਹੈ। ਕੜਾ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ, ਜਿਸ ਨੂੰ ਉਤਾਰਨ ਲਈ ਮਜ਼ਬੂਰ ਕਰਨਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਘਟਨਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਅੱਗੇ ਵੀ ਸਾਹਮਣੇ ਆਈਆਂ ਹਨ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਹਮੇਸ਼ਾ ਹੀ ਇਨ੍ਹਾਂ ਮਾਮਲਿਆਂ ਦੀ ਪੈਰਵਾਈ ਕੀਤੀ ਜਾਂਦੀ ਹੈ, ਪਰੰਤੂ ਸਰਕਾਰਾਂ ਮੁਕਾਬਲਾ ਇਮਤਿਹਾਨਾਂ ਦੌਰਾਨ ਸਾਰੇ ਧਰਮਾਂ ਖਾਸਕਰ ਸਿੱਖਾਂ ਦੇ ਧਾਰਮਿਕ ਸਰੋਕਾਰਾਂ ਤੇ ਅਕੀਦਿਆਂ ਪ੍ਰਤੀ ਸੰਜੀਦਾ ਨਜ਼ਰ ਨਹੀਂ ਆਉਂਦੀਆਂ। ਐਡਵੋਕੇਟ ਧਾਮੀ ਨੇ ਸਰਕਾਰਾਂ ਅਤੇ ਮੁਕਾਬਲਾ ਇਮਤਿਹਾਨ ਕਰਵਾਉਣ ਵਾਲੀਆਂ ਏਜੰਸੀਆਂ, ਕਮਿਸ਼ਨਾਂ ਤੇ ਬੋਰਡਾਂ ਨੂੰ ਸਿੱਖ ਕਕਾਰਾਂ ਪ੍ਰਤੀ ਸੰਜੀਦਾ ਪਹੁੰਚ ਅਪਨਾ ਕੇ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨਾਲ ਸਬੰਧਤ ਇਸ ਮਾਮਲੇ ਦੀ ਸਮੁੱਚੀ ਜਾਣਕਾਰੀ ਹਾਸਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ 'ਤੇ ਢੁਕਵੀਂ ਕਾਰਵਾਈ ਅੱਗੇ ਵਧਾਈ ਜਾਵੇਗੀ।

# ਵਧਦੀ ਆਬਾਦੀ ਅਤੇ ਘਟਦੇ ਸਰੋਤ

**ਜੰਗਲੀ ਤੌਰ** 'ਤੇ ਵਧਦੀ ਆਬਾਦੀ ਅੱਜ ਦੁਨੀਆ ਦੀ ਸਭ ਤੋਂ ਵੱਡੀ ਸਮੱਸਿਆ ਹੈ। ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ, ਉੱਥੇ ਉਪਲਬਧ ਸਰੋਤ ਹੁਣ ਵਧਦੀ ਆਬਾਦੀ ਦੇ ਅਨੁਪਾਤ ਵਿੱਚ ਘਟਦੇ ਜਾ ਰਹੇ ਹਨ। ਜ਼ਾਹਿਰ ਹੈ ਕਿ ਜੇਕਰ ਕਿਸੇ ਵੀ ਦੇਸ਼ ਦੀ ਆਬਾਦੀ ਤੇਜ਼ ਰਫ਼ਤਾਰ ਨਾਲ ਵਧਦੀ ਰਹੇਗੀ ਤਾਂ ਉੱਥੇ ਮੌਜੂਦ ਕੁਦਰਤੀ ਸਰੋਤਾਂ 'ਤੇ ਦਬਾਅ ਵੀ ਉਸੇ ਅਨੁਪਾਤ ਨਾਲ ਵਧੇਗਾ। ਜੇਕਰ ਭਾਰਤ ਦੇ ਸੰਦਰਭ ਵਿੱਚ ਦੇਖੀਏ ਤਾਂ 7 ਜੁਲਾਈ 2024 ਨੂੰ ਭਾਰਤ ਦੀ ਆਬਾਦੀ 1 ਅਰਬ 44 ਕਰੋੜ 19 ਲੱਖ 10,332 ਸੀ। ਇਹ ਦੁਨੀਆ ਦੀ ਕੁੱਲ ਆਬਾਦੀ (8.119 ਬਿਲੀਅਨ) ਦੇ ਲਗਭਗ 18.02 ਪ੍ਰਤੀਸ਼ਤ ਨੂੰ ਕਵਰ ਕਰਦਾ ਹੈ।ਪਰ ਜੋ ਦੁਨੀਆਂ ਦੀ ਸਿਰਫ਼ ਢਾਈ ਫ਼ੀਸਦੀ ਜ਼ਮੀਨ 'ਤੇ ਰਹਿਣ ਲਈ ਮਜਬੂਰ ਹੈ।ਸੰਯੁਕਤ ਰਾਸ਼ਟਰ ਦੀ ਇਸ ਸਾਲ ਅਪ੍ਰੈਲ ਦੇ ਅੰਤ 'ਚ ਜਾਰੀ ਖੁਰਾਕ ਸੰਕਟ 'ਤੇ ਗਲੋਬਲ ਰਿਪੋਰਟ ਮੁਤਾਬਕ ਅੱਜ ਦੁਨੀਆ ਦੇ 59 ਦੇਸ਼ਾਂ 'ਚ ਲਗਭਗ 28.2 ਕਰੋੜ ਲੋਕ ਭੁੱਖੇ ਰਹਿਣ ਲਈ ਮਜਬੂਰ ਹਨ। ਰਿਪੋਰਟ ਮੁਤਾਬਕ ਜੰਗ ਪ੍ਰਭਾਵਿਤ ਗਾਜ਼ਾ ਪੱਟੀ ਅਤੇ ਸੂਡਾਨ ਵਿੱਚ ਵਿਗੜਦੀ ਖੁਰਾਕ ਸੁਰੱਖਿਆ ਕਾਰਨ 2022 ਤੱਕ 24 ਮਿਲੀਅਨ ਤੋਂ ਵੱਧ ਲੋਕਾਂ ਨੂੰ ਭੋਜਨ ਦੀ ਘਾਟ ਕਾਰਨ ਭੁੱਖੇ ਰਹਿਣਾ ਪਿਆ। ਜੇਕਰ ਦੇਖਿਆ ਜਾਵੇ ਤਾਂ ਸੰਯੁਕਤ ਰਾਸ਼ਟਰ ਦੀ ਰਿਪੋਰਟ ਸਾਫ਼ ਦੱਸਦੀ ਹੈ ਕਿ ਜਿਵੇਂ-ਜਿਵੇਂ ਦੁਨੀਆਂ ਦੀ ਆਬਾਦੀ ਵਧੀ ਹੈ, ਉਵੇਂ-ਉਵੇਂ ਲੋਕਾਂ ਦੀ ਗਿਣਤੀ ਵੀ ਵਧੀ ਹੈ।ਗਿਣਤੀ ਵੀ ਵਧਦੀ ਰਹੀ। ਭੋਜਨ ਦੀ ਕਮੀ 'ਤੇ ਸੰਯੁਕਤ ਰਾਸ਼ਟਰ ਦੀ ਪਹਿਲੀ ਰਿਪੋਰਟ 2016 'ਚ ਆਈ ਸੀ, ਜਿਸ ਦੇ ਮੁਕਾਬਲੇ ਤਾਜ਼ਾ ਰਿਪੋਰਟ 'ਚ ਦੁਨੀਆ ਭਰ 'ਚ ਭੁੱਖੇ ਲੋਕਾਂ ਦੀ ਗਿਣਤੀ 'ਚ ਚਾਰ ਗੁਣਾ ਵਾਧਾ ਹੋਇਆ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਵਧਦੀ ਆਬਾਦੀ ਅਬਾਦੀ ਦੇ ਅਨੁਪਾਤ ਵਿੱਚ ਸਾਰੇ ਨਾਗਰਿਕਾਂ ਨੂੰ ਬੁਨਿਆਦੀ ਲੋੜਾਂ

ਆਵਾਜ਼ਿ ਕੌਮ AWAZE QAUM International Newspaper & WEB TV

ਜਿਵੇਂ ਭੋਜਨ, ਕੱਪੜਾ, ਮਕਾਨ, ਪੀਣ ਵਾਲਾ ਪਾਣੀ, ਡਾਕਟਰੀ ਦੇਖਭਾਲ, ਦਵਾਈਆਂ ਆਦਿ ਮੁਹੱਈਆ ਕਰਵਾਉਣਾ ਕੋਈ ਸਧਾਰਨ ਕੰਮ ਨਹੀਂ ਹੈ।ਕਿਸੇ ਵੀ ਸਰਕਾਰ ਨੂੰ ਵਧਦੀ ਆਬਾਦੀ ਦੀ ਸਪਲਾਈ ਕਰਨ ਲਈ ਊਰਜਾ ਦੇ ਵੱਖ-ਵੱਖ ਸਰੋਤਾਂ ਕਾਰਨ ਤੇਲ ਅਤੇ ਕੁਦਰਤੀ ਕੋਲਾ, ਤੇਲ ਕੁਦਰਤੀ ਗੈਸਾਂ ਆਦਿ 'ਤੇ ਵੀ ਬਹੁਤ ਜ਼ਿਆਦਾ ਨਿਰਭਰ ਹੈ।ਦਬਾਅ ਵਧ ਗਿਆ ਹੈ, ਜਿਸ ਨੂੰ ਘਟਾਉਣ ਲਈ ਊਰਜਾ ਦੇ ਵਿਕਲਪਕ ਸਰੋਤਾਂ ਨੂੰ ਲੱਭਣਾ ਅਤੇ ਵਰਤਣਾ ਜ਼ਰੂਰੀ ਹੈ। ਅਰਥਸ਼ਾਸਤਰੀ ਥਾਮਸ ਰਾਬਰਟ ਮਾਲਥਸ ਨੇ 1798 ਵਿੱਚ ਭੋਜਨ ਅਤੇ ਮਨੁੱਖੀ ਆਬਾਦੀ ਦੇ ਵਿਚਕਾਰ ਸਬੰਧਾਂ ਨੂੰ ਗਣਿਤਿਕ ਤੌਰ 'ਤੇ ਵਿਚਾਰਨ ਤੋਂ ਬਾਅਦ ਦਿਖਾਇਆ ਕਿ ਭੋਜਨ ਦੀ ਸਪਲਾਈ ਵਧਣ ਨਾਲ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ। ਉਪਲਬਧ ਸਰੋਤਾਂ ਨੂੰ ਵਧਾਉਂਦਾ ਅਤੇ ਘਟਾਉਂਦਾ ਹੈ। ਲਗਾਤਾਰ ਮਨੁੱਖੀ ਦੁੱਖਾਂ ਦੇ ਨਤੀਜੇ ਵਜੋਂ। ਜਦੋਂ ਤੱਕ ਆਬਾਦੀ ਨੂੰ ਕੰਟਰੋਲ ਨਹੀਂ ਕੀਤਾ ਜਾਂਦਾ। 1888 ਵਿੱਚ ਤਤਕਾਲੀ ਵਾਇਸਰਾਏ ਲਾਰਡ ਡਫਰਿਨ ਨੇ ਖਦਸ਼ਾ ਪ੍ਰਗਟਾਇਆ ਸੀ ਕਿ ਭਾਰਤ ਵਿੱਚ ਖੇਤੀਉਤਪਾਦਨ ਘੱਟ ਹੈ ਅਤੇ ਤੇਜ਼ੀ ਨਾਲ ਆਬਾਦੀ ਦੇ ਵਾਧੇ ਕਾਰਨ ਇੱਥੇ ਅਕਾਲ ਪੈਂਦਾ ਹੈ। ਇਸ ਦੇ ਬਾਵਜੂਦ 1871 ਤੋਂ 1941 ਤੱਕ ਭਾਰਤ ਦੀ ਔਸਤ ਜਨਸੰਖਿਆ ਵਾਧਾ ਦਰ 0.60 ਫੀਸਦੀ ਸੀ, ਜਦੋਂ ਕਿ ਵਿਸ਼ਵ ਦੀ ਔਸਤ 0.69 ਫੀਸਦੀ ਸੀ। ਹਾਲਾਂਕਿ, ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਆਬਾਦੀ ਵਾਧੇ ਦੀ ਦਰ ਮੁਕਾਬਲਤਨ ਘੱਟ ਰਹੀ। 1931 ਦੀ 1931 ਦੀ ਮਰਦਮਸ਼ੁਮਾਰੀ ਤੋਂ ਪਤਾ ਚੱਲਿਆ ਕਿ 1921-1931 ਦਰਮਿਆਨ ਭਾਰਤ ਵਿੱਚ ਆਬਾਦੀ ਹਰ ਸਾਲ ਇੱਕ ਫੀਸਦੀ ਦੀ ਦਰ ਨਾਲ ਵਧੀ ਤਾਂ ਹਰ ਕੋਈ ਹੈਰਾਨ ਰਹਿ ਗਿਆ ਪਰ 1951 ਤੋਂ ਬਾਅਦ ਇਹ ਦਰ ਦੋ ਫੀਸਦੀ ਦੇ ਕਰੀਬ ਪਹੁੰਚ ਗਈ। ਹਾਲਾਂਕਿ, 1970 ਦੇ ਦਹਾਕੇ ਤੋਂ, ਦੇਸ਼ ਦੀ ਆਬਾਦੀ ਵਿਕਾਸ ਦਰ ਵਿੱਚ ਲਗਾਤਾਰ ਗਿਰਾਵਟ ਆਈ ਹੈ।ਇਹ ਸ਼ਾਇਦ ਪਿਛਲੇ ਕੁਝ ਦਹਾਕਿਆਂ ਵਿੱਚ ਸਿੱਖਿਆ ਅਤੇ ਸਿਹਤ ਦੇ ਪੱਧਰ ਵਿੱਚ ਹੋਏ ਸੁਧਾਰਾਂ ਦਾ ਨਤੀਜਾ ਹੈ ਕਿਉਂਕਿ ਹੁਣ ਤੱਕ ਆਬਾਦੀ ਵਾਧੇ ਦੀ ਦਰ ਉਨ੍ਹਾਂ ਖੇਤਰਾਂ ਵਿੱਚ ਸਭ ਤੋਂ ਵੱਧ ਪਾਈ ਗਈ ਹੈ ਜਿੱਥੇ ਲੋਕ ਪੜ੍ਹੇ-ਲਿਖੇ ਅਤੇ ਸਿਹਤਮੰਦ ਨਹੀਂ ਹਨ। ਹਾਲਾਂਕਿ ਇਹ ਗਿਰਾਵਟ ਮੁਕਾਬਲਤਨ ਹੌਲੀ ਰਹੀ ਹੈ, ਜੇਕਰ ਅਸੀਂ ਆਰਥਿਕ ਸਰਵੇਖਣ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਭਾਰਤ ਦੀ ਸਾਲਾਨਾ ਆਬਾਦੀ ਵਾਧਾ ਦਰ ਜੋ 1971-81 ਦੇ ਵਿਚਕਾਰ 2.5 ਪ੍ਰਤੀਸ਼ਤ ਸੀ, 2011-16 ਦੇ ਮੱਧ ਤੱਕ ਘੱਟ ਕੇ 1.3 ਪ੍ਰਤੀਸ਼ਤ 'ਤੇ ਆ ਗਈ। ਇਸ ਦਾ ਦੂਸਰਾ ਪੱਖ ਇਹ ਹੈ ਕਿ ਆਬਾਦੀ



ਵਧਣ ਅਤੇ ਵਸੀਲੇ ਘਟਣ ਕਾਰਨ ਦੇਸ਼ ਕਰਜ਼ੇ ਵਿੱਚ ਡੁੱਬੇ ਹੋਏ ਹਨ।ਬੋਝ ਵੀ ਵਧਣ ਲੱਗਦਾ ਹੈ। ਬਿਜ਼ਨਸ ਸਟੈਂਡਰਡ ਦੀ ਰਿਪੋਰਟ ਮੁਤਾਬਕ ਸਤੰਬਰ 2023 ਤੱਕ ਭਾਰਤ 'ਤੇ ਕੁੱਲ ਕਰਜ਼ੇ ਦਾ ਬੋਝ 205 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਇਸ ਦੇ ਨਾਲ ਹੀ, ਵਰਲਡ ਇਕਨਾਮਿਕ ਫੋਰਮ ਦੁਆਰਾ 2021 ਵਿੱਚ ਜਾਰੀ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਸਿੱਖਿਆ ਗੁਣਵੱਤਾ ਵਿੱਚ ਭਾਰਤ ਦਾ ਦਰਜਾ 90ਵਾਂ ਹੈ। 15 ਨਵੰਬਰ, 2022 ਨੂੰ ਜਾਰੀ ਕੀਤੀ ਗਈ ਸੰਯੁਕਤ ਰਾਸ਼ਟਰ ਦੀ ਆਬਾਦੀ ਦੀ ਰਿਪੋਰਟ ਦੇ ਅਨੁਸਾਰ, ਭਾਰਤ 2027 ਤੱਕ ਚੀਨ ਨੂੰ ਪਛਾੜ ਦੇਵੇਗਾ, ਜਦੋਂ ਕਿ ਅਪ੍ਰੈਲ 2023 ਵਿੱਚ ਹੀ ਸੰਯੁਕਤ ਰਾਸ਼ਟਰ ਦੇ ਮੁਲਾਂਕਣ ਨੂੰ ਟਾਲਦਿਆਂ, ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ। ਫਰਵਰੀ 2024 ਵਿੱਚ ਸੰਯੁਕਤਕੌਮ ਨੇ ਖੁਦ ਇੱਕ ਹੋਰ ਰਿਪੋਰਟ ਜਾਰੀ ਕੀਤੀ ਸੀ। ਹਾਲਾਂਕਿ 2011 ਵਿੱਚ ਉਦੋਂ ਤੋਂ ਭਾਰਤ ਵਿੱਚ ਕੋਈ ਜਨਗਣਨਾ ਨਹੀਂ ਹੋਈ ਹੈ। ਪਰ, ਬੇਰੋਜ਼ਗਾਰੀ, ਭੁੱਖਮਰੀ, ਕੁਪੋਸ਼ਣ, ਬਿਮਾਰੀ, ਗਰੀਬੀ, ਬੇਵਸੀ ਆਦਿ ਬੇਕਾਬੂ ਆਬਾਦੀ ਵਾਧੇ ਕਾਰਨ ਪੈਦਾ ਹੋਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਹਨ ਜੋ ਕਿਸੇ ਵੀ ਸਮਾਜ ਦੇ ਨੈਤਿਕ, ਵਿਚਾਰਧਾਰਕ, ਸੱਭਿਆਚਾਰਕ, ਰਵਾਇਤੀ ਅਤੇ ਨੈਤਿਕ ਤਾਣੇ-ਬਾਣੇ ਨੂੰ ਤਬਾਹ ਕਰ ਸਕਦੀਆਂ ਹਨ। ਹਨ. ਅਜਿਹਾ ਹੋਣ 'ਤੇ ਵਿਅਕਤੀ ਦੇ ਸਮਾਜਿਕ ਵਿਕਾਸ, ਸੱਭਿਆਚਾਰਕ ਉੱਨਤੀ, ਮਾਨਸਿਕ ਅਤੇ ਅਧਿਆਤਮਿਕ ਉੱਨਤੀ ਵਿੱਚ ਰੁਕਾਵਟ ਆ ਸਕਦੀ ਹੈ। ਇਸ ਲਈ ਸਮਾਜ ਵਿੱਚ ਚਾਰੇ ਪਾਸੇ ਹਿੰਸਾ ਹੈਬਲਾਤਕਾਰ, ਭ੍ਰਿਸ਼ਟਾਚਾਰ, ਲੁੱਟ-ਖਸੁੱਟ, ਦਾਣਾ-ਪਾਣੀ, ਚੋਰੀ, ਖੋਹ, ਕਤਲ, ਖੁਦਕੁਸ਼ੀ, ਕੱਟੜਵਾਦ ਅਤੇ ਅੱਤਵਾਦ ਵਰਗੇ ਅਪਰਾਧਾਂ ਵਿੱਚ ਭਾਰੀ ਵਾਧਾ ਹੋਵੇਗਾ। ਲੋਕ ਕਾਨੂੰਨ ਅਤੇ ਸਮਾਜਿਕ ਵਿਵਸਥਾ ਦੀ ਪਰਵਾਹ ਕੀਤੇ ਬਿਨਾਂ ਸਿਰਫ ਆਪਣੇ ਹਿੱਤਾਂ ਦੀ ਪੈਰਵੀ ਕਰਨਗੇ। ਘੱਟ ਜਾਂ ਘੱਟ, ਸਾਡਾ ਦੇਸ਼ ਅੱਜ ਵੀ ਅਜਿਹੇ ਹੀ ਹਾਲਾਤਾਂ ਵਿੱਚੋਂ ਗੁਜ਼ਰ ਰਿਹਾ ਹੈ। ਸ਼ਾਇਦ ਸਰਕਾਰਾਂ ਜਨਤਾ ਦਾ ਗੁੱਸਾ ਕੱਢਣ ਤੋਂ ਬਚ ਰਹੀਆਂ ਹੋਣ ਕਿਉਂਕਿ ਆਜ਼ਾਦੀ ਤੋਂ ਪਹਿਲਾਂ ਭਾਰਤੀ ਸਮਾਜ ਵਿੱਚ ਇਹ ਧਾਰਨਾ ਸੀ ਕਿ ਵੱਧ ਆਬਾਦੀ ਵਿਕਾਸ ਦਾ ਮਾਪਦੰਡ ਹੈ। ਅਸਲ ਵਿੱਚ, ਉਨ੍ਹਾਂ ਦਿਨਾਂ ਵਿੱਚ ਆਬਾਦੀ ਵਿੱਚ ਕਮੀ ਨੂੰ ਨਕਾਰਾਤਮਕ ਸਥਿਤੀਆਂ ਦਾ ਨਤੀਜਾ ਮੰਨਿਆ ਜਾਂਦਾ ਸੀ, ਜੋ ਕਿ ਇੱਕ ਮਾੜੀ ਸਥਿਤੀ ਸੀ, ਪਰ ਸਮੇਂ ਦੇ ਨਾਲ ਸਾਡੀ ਸੋਚ ਬਦਲ ਗਈ ਅਤੇ ਅਸੀਂ ਇਹ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਕੀ ਭਾਰਤ ਇੰਨੀ ਵੱਡੀ ਆਬਾਦੀ ਨੂੰ ਸੰਭਾਲਣ ਦੇ ਸਮਰੱਥ ਹੈ। ਸਮੇਂ-ਸਮੇਂ 'ਤੇ ਹੋਣ ਵਾਲੇ ਗੰਭੀਰ ਸੋਕੇ ਅਤੇ ਅਕਾਲ ਦੀ ਤ੍ਰਾਸਦੀ ਨੇ ਵੀ ਇਸ ਚਿੰਤਾ ਨੂੰ ਰੇਖਾਂਕਿਤ ਕੀਤਾ ਹੈ।ਸਿਰਹਾਣਾ. ਪਰ 1970 ਦੇ ਦਹਾਕੇ ਤੱਕ ਸਾਡੀਆਂ ਸਰਕਾਰਾਂ ਅਨਾਜ ਦੀ ਪੈਦਾਵਾਰ ਵਧਾ ਕੇ ਆਬਾਦੀ ਦੇ ਵਾਧੇ ਦਾ ਹੱਲ ਲੱਭਦੀਆਂ ਰਹੀਆਂ ਅਤੇ ਪਰਿਵਾਰ ਨਿਯੋਜਨ ਪ੍ਰੋਗਰਾਮਾਂ ਨੂੰ ਸਖ਼ਤੀ ਨਾਲ ਅਪਣਾਇਆ ਗਿਆ ਅਤੇ ਫਿਰ ਸਿਆਸਤਦਾਨ ਵਧਦੀ ਆਬਾਦੀ ਤੋਂ ਬਹੁਤ ਨਾਰਾਜ਼ ਹੋ ਗਏ। ਉਸ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਵਿਸ਼ਵੀਕਰਨ ਤੋਂ ਬਾਅਦ ਵੀ ਭਾਰਤ ਵਿੱਚ ਆਬਾਦੀ ਦਾ ਮੁੱਦਾ ਦਬਾਅ ਬਣਿਆ ਰਿਹਾ, ਪਰ ਮੌਜੂਦਾ ਪ੍ਰਧਾਨ ਮੰਤਰੀ ਨੇ 2019 ਵਿੱਚ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਲਾਲ ਕਿਲ੍ਹੇ ਤੋਂ ਆਬਾਦੀ ਦੇ ਵਾਧੇ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਰਾਜਾਂ ਨੂੰ ਇਸ ਨੂੰ ਰੋਕਣ ਲਈ ਯੋਜਨਾਵਾਂ ਬਣਾਉਣ ਦਾ ਸੱਦਾ ਦਿੱਤਾ। ਇਹ.ਨੇ ਕੀਤਾ। ਅੰਤਰਿਮ ਬਜਟ 2024 ਪੇਸ਼ ਕਰਦੇ ਹੋਏ, ਵਿੱਤ ਮੰਤਰੀ ਨਿਰਮਲਾ ਸੀਤਾਰਮਨ 'ਵਿਕਸਿਤ ਭਾਰਤ' ਬਣਾਉਣ ਦੇ ਟੀਚੇ ਨੂੰ ਧਿਆਨ ਵਿੱਚ ਰੱਖਦੇ ਹੋਏ, ਤੇਜ਼ੀ ਨਾਲ ਵਧਦੀ ਆਬਾਦੀ ਅਤੇ ਜਨਸੰਖਿਆ ਦੇ ਬਦਲਾਅ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਉੱਚ-ਸ਼ਕਤੀਸ਼ਾਲੀ ਕਮੇਟੀ ਦੇ ਗਠਨ ਦਾ ਐਲਾਨ ਕਰੇਗੀ ਸਮੱਸਿਆਵਾਂ

**-ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ**